Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** | Vol 20* Issue 215 | Tuesday, November 02, 2021 | Tel: 905-793-2202 | Fax: 905-793-2282 | news@punjabipost.ca *ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*

## ਗ੍ਰੀਨਹਾਊਸ ਗੈਸਾਂ ਦੇ ਰਿਸਾਅ ਨੂੰ ਰੋਕਣ ਦਾ ਟਰੂਡੋ ਨੇ ਪ੍ਰਗਟਾਇਆ ਤਹੱਈਆ

ਗਲਾਸਗੋ, 1 ਨਵੰਬਰ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਲਿਟਨ, ਬੀਸੀ ਦੀਆਂ ਯਾਦਾਂ ਨੂੰ ਚਿਤਾਰਦਿਆਂ ਕਲਾਈਮੇਟ ਚੇਂਜ ਖਿਲਾਫ ਕਾਰਵਾਈ ਕਰਨ ਦੀ ਮੰਗ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਰਸਮੀ ਤੌਰ ਉੱਤੇ ਕੈਨੇਡਾ ਦੇ ਤੇਲ ਤੇ ਗੈਸ ਸੈਕਟਰ ਵੱਲੋਂ ਕੀਤੇ ਜਾਂਦੇ ਗ੍ਰੀਨਹਾਊਸ ਗੈਸਾਂ ਦੇ ਰਿਸਾਅ ਉੱਤੇ ਰੋਕ ਲਾਉਣ ਦੀ ਰਸਮੀ ਤੌਰ ਉੱਤੇ ਵਚਨਬੱਧਤਾ ਵੀ ਪ੍ਰਗਟਾਈ।


ਪ੍ਰਧਾਨ ਮੰਤਰੀ ਜਸਟਿਨ ਟਰੂਡੋ

ਸੰਯੁਕਤ ਰਾਸ਼ਟਰ ਦੀ ਕਲਾਈਮੇਟ ਕਨਵੈਂਸ਼ਨ, ਜਿਸ ਨੂੰ ਕੌਪ 26 ਵੀ ਆਖਿਆ ਜਾਂਦਾ ਹੈ, ਵਿੱਚ ਕਾਊਂਸਲ ਆਫ ਪਾਰਟੀਜ਼ ਦੀ 26ਵੀਂ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਇੱਥੇ ਦੁਨੀਆਂ ਭਰ ਦੇ 120 ਆਗੂ ਦੋ ਦਿਨਾਂ ਲਈ ਕਲਾਈਮੇਟ ਚੇਂਜ ਵਰਗੀ ਸਮੱਸਿਆ ਬਾਰੇ ਗਲੋਬਲ ਪੱਧਰ ਉੱਤੇ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦਾ ਮੁਲਾਂਕਣ ਕਰਨ ਲਈ ਇੱਕਠੇ ਹੋਏ ਸਨ। ...ਬਾਕੀ ਪੰਨਾ 5 'ਤੇ

## ਜਨਵਰੀ ਤੋਂ ਓਨਟਾਰੀਓ ਵਿੱਚ ਘੱਟ ਤੋਂ ਘੱਟ ਉਜਰਤਾਂ ਹੋਣਗੀਆਂ 15 ਡਾਲਰ ਪ੍ਰਤੀ ਘੰਟਾ

ਓਨਟਾਰੀਓ, 1 ਨਵੰਬਰ (ਪੋਸਟ ਬਿਊਰੋ) : ਜਨਵਰੀ ਤੋਂ ਓਨਟਾਰੀਓ ਘੱਟ ਤੋਂ ਘੱਟ ਉਜਰਤਾਂ 15 ਡਾਲਰ ਪ੍ਰਤੀ ਘੰਟਾ ਕਰਨ ਜਾ ਰਿਹਾ ਹੈ।

ਸੂਤਰਾਂ ਦਾ ਕਹਿਣਾ ਹੈ ਕਿ ਪ੍ਰੀਮੀਅਰ ਡੱਗ ਫੋਰਡ ਮੰਗਲਵਾਰ ਨੂੰ ਇਸ ਸਬੰਧ ਵਿੱਚ ਰਸਮੀ ਤੌਰ ਉੱਤੇ ਐਲਾਨ ਕਰਨਗੇ। ਇਹ ਨਵੀਆਂ ਉਜਰਤਾਂ ਪਹਿਲੀ ਜਨਵਰੀ ਤੋਂ ਪ੍ਰਭਾਵੀ ਹੋਣਗੀਆਂ।



...ਬਾਕੀ ਪੰਨਾ 4 'ਤੇ

## ਫੋਰਡ ਸਰਕਾਰ ਵੱਲੋਂ ਆਊਟਡੋਰ ਈਵੈਂਟਸ ਲਈ ਕਪੈਸਿਟੀ ਲਿਮਿਟਸ ਹਟਾਉਣ ਦਾ ਪੈਟ੍ਰਿਕ ਬ੍ਰਾਊਨ ਨੇ ਕੀਤਾ ਸਵਾਗਤ

ਬਰੈਂਪਟਨ, 1 ਨਵੰਬਰ (ਪੋਸਟ ਬਿਊਰੋ) :ਬਰੈਂਪਟਨ ਦੇ ਮੇਅਰ ਪੈਟ੍ਰਿਕ ਬ੍ਰਾਊਨ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇਸ ਗੱਲ ਦੀ ਬਹੁਤ ਖੁਸ਼ੀ ਹੈ ਕਿ ਓਨਟਾਰੀਓ ਸਰਕਾਰ ਵੱਲੋਂ ਆਰਗੇਨਾਈਜ਼ਡ ਆਊਟਡੋਰ ਈਵੈਂਟਸ ਲਈ ਕਪੈਸਿਟੀ ਲਿਮਿਟਸ ਹਟਾਉਣ ਦਾ ਐਲਾਨ ਕੀਤਾ ਗਿਆ ਹੈ।



ਬ੍ਰਾਊਨ ਨੇ ਆਖਿਆ ਕਿ ਇਹ ਫੈਸਲਾ ਲੰਮੇਂ ਸਮੇਂ ਤੋਂ ਪੈਂਡਿੰਗ ਸੀ। ਉਨ੍ਹਾਂ ਆਖਿਆ ਕਿ ਜੇ ਅਸੀਂ ਇੰਡੋਰ ਸਪੋਰਟਸ ਈਵੈਂਟ ਵਿੱਚ 20,000 ਲੋਕਾਂ ਨੂੰ ਇਜਾਜ਼ਤ ਦੇ ਸਕਦੇ ਹਾਂ ਤਾਂ ਇਸ ਦੀ ਕੋਈ ਤੁਕ ਨਹੀਂ ਬਣਦੀ ਕਿ ਅਸੀਂ ਰਿਮੈਂਬਰੈਂਸ ਡੇਅ ਸਰਵਿਸਿਜ਼, ਸਾਂਟਾ ਕਲਾਜ਼ ਪਰੇਡ, ਵਿੰਟਰ ਲਾਈਟਸ ਫੈਸਟੀਵਲਜ਼ ਤੇ ਨਵੇਂ ਸਾਲ ਦੇ ਜਸ਼ਨ ਨਾ ਮਣਾ ਸਕੀਏ।

ਉਨ੍ਹਾਂ ਆਖਿਆ ਕਿ ਸਾਨੂੰ ਪਬਲਿਕ ਹੈਲਥ ਮਾਪਦੰਡਾਂ ਦਾ ਪਾਲਣ ਕਰਕੇ ਆਪਣੀਆਂ ਕਮਿਊਨਿਟੀਜ਼ ਨੂੰ ਸੁਰੱਖਿਅਤ ਰੱਖਣ ਤੇ ਕੋਵਿਡ-19 ਦੇ ਪਸਾਰ ਨੂੰ ਰੋਕਣ ਦੀ ਲੋੜ ਹੈ। ਇਸ ਲਈ ਸਾਨੂੰ ਉਨ੍ਹਾਂ ਲੋਕਾਂ ਨੂੰ ਵੈਕਸੀਨੇਟ ਕਰਨ ਦੀ ਵੀ ਲੋੜ ਹੈ ਜਿਨ੍ਹਾਂ ਨੇ ਅਜੇ ਤੱਕ ਵੈਕਸੀਨੇਸ਼ਨ ਨਹੀਂ ਕਰਵਾਈ। ਉਨ੍ਹਾਂ ਆਖਿਆ ਕਿ ਉਹ ਪੀਲ ਪਬਲਿਕ ਹੈਲਥ ਤੇ ਵਿਲੀਅਮ ਓਸਲਰ ਹੈਲਥ ਸਿਸਟਮ ਦੇ ਸਟਾਫ ਦਾ ਵੀ ਧੰਨਵਾਦ ਕਰਨਾ ਚਾਹੁੰਦੇ ਹਾਂ ਜਿਨ੍ਹਾਂ ਨੇ ਬਰੈਂਪਟਨ ਵਾਸੀਆਂ ਦੀ ਸਿਹਤ ਤੇ ਭਲਾਈ ਲਈ ਉਨ੍ਹਾਂ ਦੀ ਪੈਰ ਪੈਰ ਉੱਤੇ ਹਿਫਾਜ਼ਤ ਕੀਤੀ।

## ਜਿਨਸੀ ਹਮਲੇ ਦੇ ਦੋਸ਼ੀ ਦੀ ਪੁਲਿਸ ਕਰ ਰਹੀ ਹੈ ਭਾਲ

ਬਰੈਂਪਟਨ, 1 ਨਵੰਬਰ (ਪੋਸਟ ਬਿਊਰੋ) : ਟਰਾਂਟੋ ਪੁਲਿਸ ਅਜਿਹੇ ਵਿਅਕਤੀ ਦੀ ਪਛਾਣ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਜਿਸ ਨੇ ਫਰਵਰੀ ਦੇ ਮਹੀਨੇ ਬਰੈਂਪਟਨ ਵਿੱਚ ਇੱਕ ਟੀਨੇਜਰ ਉੱਤੇ ਜਿਨਸੀ ਹਮਲਾ ਕੀਤਾ।

ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਘਟਨਾ ਵਿਲੀਅਮਜ਼ ਪਾਰਕਵੇਅ ਤੇ ਜੇਮਜ਼ ਪੌਟਰ ਰੋਡ ਏਰੀਆ ਵਿੱਚ 15 ਫਰਵਰੀ, 2021 ਦੀ ਹੈ। ਕਥਿਤ ਤੌਰ ਉੱਤੇ ਇੱਕ ਵਿਅਕਤੀ ਨੇ ਇੱਕ ਅਣਪਛਾਤੀ ਗੱਡੀ ਤੇ ਡਰਾਈਵਰ ਨੂੰ 18 ਸਾਲਾ ਲੜਕੀ ਨੂੰ ਉਸ ਦੇ ਘਰ ਤੋਂ ਲਿਆਉਣ ਲਈ ਭੇਜਿਆ। ਫਿਰ ਉਸ ਲੜਕੀ ਨੂੰ ਇੱਕ ਅਣਪਛਾਤੀ ਥਾਂ ਉੱਤੇ ਲਿਜਾਇਆ ਗਿਆ।

ਉਸ ਲੜਕੀ ਨੇ ਦੋਸ਼ ਲਾਇਆ ਕਿ ਉੱਥੇ ਇੱਕ ਵਿਅਕਤੀ ਵੱਲੋਂ ਉਸ ਉੱਤੇ ਜਿਨਸੀ ਹਮਲਾ ਕੀਤਾ ਗਿਆ ਤੇ ਉਸ ਵਿਅਕਤੀ ਨੇ ਉਸ ਨੂੰ ਆਖਿਆ ਕਿ ਉਸ ਨੂੰ 13 ਸਾਲਾ ਲੜਕੀਆਂ ਪਸੰਦ ਹਨ। ਮਸ਼ਕੂਕ ਆਪਣੇ 30ਵਿਆਂ ਵਿੱਚ ਸੀ। ਉਸ ਦਾ ਕੱਦ 5 ਫੁੱਟ 6 ਇੰਚ ਸੀ ਤੇ ਉਸ ਦੇ ਨਿੱਕੇ ਕਾਲੇ ਵਾਲ, ਭੂਰੀਆਂ ਅੱਖਾਂ ਸਨ ਤੇ ਉਸ ਦਾ ਵੱਖਰਾ ਐਕਸੈਂਟ ਸੀ। ਜਾਂਚਕਾਰਾਂ ਨੂੰ ਚਿੰਤਾ ਹੈ ਕਿ ਅਜਿਹੀਆਂ ਹੋਰ ਲੜਕੀਆਂ ਵੀ ਹੋ ਸਕਦੀਆਂ ਹਨ ਜਿਹੜੀਆਂ ਇਸ ਵਿਅਕਤੀ ਦਾ ਸ਼ਿਕਾਰ ਹੋਈਆਂ ਹੋਣ।



Best Insurance Rates
Life * Auto * Home * Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Aaxel Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

INSURANCE
Home · Auto · Business · Trucking · Life Insurance · Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd.
1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
Residential, Commercial
KSG Pest Control Inc.
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration · Real Estate · Family Law · Business Closing · Corporate · Wills & Estate · Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
416 938 4598

Locations: Woodbridge, Mississauga, Scarborough
YES! Immigration
Yes we can...
Celebrating 16 Years
16 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਇੰਮਿਗਰੇਸ਼ਨ ਸੇਵਾਵਾਂ 10-20% Discount
ICCRC
Raj Narang
Ritu Narang
ਕੇਨੇਡਾ ਦੇ ਵੀਜ਼ਾ ਵਾਸਤੇ ਅਜ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
Punjab Insurance Inc
Super Visa Monthly plans available
7003 Steeles Ave. W, Unit 10 Etobicoke, ON, M9W 0A2
gill@punjabinsurance.ca
416-724-5000
RANJIT GILL
Insurance Advisor
- Disability Insurance
- Mortgage Insurance
- Life Insurance
- Visitor Insurance
- Travel Insurance
- RESP(Education Plan)
- Critical Illness Insurance

INSURANCE MART
INSURANCE COMPANY
- Life Insurance
- Critical Illness
- Disability
- Super Visa
- Home and Auto Insurance
Gurdip Gill
(647)767-6665
gurdipgill1@hotmail.ca

Dubai Jewellers
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive
Unit #19, Brampton
Ontario L6S 0E9
North Park & Airport Major Intersection
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8)
(Monday Closed)
Dubai Jewellers
Raj & Gulshan
Mob: 416-465-1200
www.dubaijewellers.ca
info@dubaijewellers.ca

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types · Walkie pallet Low Lift · Electric Motor Narrow Aisle Reach · Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Advice you can bank on.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


NOW HIRING
U.S. CROSS BORDER SINGLES & TEAMS AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK, TEXT & DATA PLAN
4.5GB
$40/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਸਿਟੀ ਆਫ ਟੋਰਾਂਟੋ ਦੇ 1300 ਵਰਕਰਾਂ ਨੇ ਅਜੇ ਤੱਕ ਨਹੀਂ ਕਰਵਾਈ ਵੈਕਸੀਨੇਸ਼ਨ

ਟੋਰਾਂਟੋ, 1 ਨਵੰਬਰ (ਪੋਸਟ ਬਿਊਰੋ) : ਸਿਟੀ ਆਫ ਟੋਰਾਂਟੋ ਦੇ 1300 ਵਰਕਰ ਅਜਿਹੇ ਹਨ ਜਿਨ੍ਹਾਂ ਨੇ ਜਾਂ ਤਾਂ ਟੀਕਾਕਰਣ ਨਹੀਂ ਕਰਵਾਇਆ ਤੇ ਜਾਂ ਫਿਰ ਜਿਨ੍ਹਾਂ ਨੇ ਆਪਣਾ ਸਟੇਟਸ ਜ਼ਾਹਿਰ ਕਰਨ ਤੋਂ ਇਨਕਾਰ ਕਰ ਦਿੱਤਾ ਹੈ ਤੇ ਉਨ੍ਹਾਂ ਨੂੰ ਇਸ ਹਫਤੇ ਤੋਂ ਬਿਨਾਂ ਤਨਖਾਹ ਛੁੱਟੀ ਉੱਤੇ ਭੇਜਣ ਦੀ ਤਿਆਰੀ ਕੀਤੀ ਜਾ ਰਹੀ ਹੈ।

ਸਿਟੀ ਵੱਲੋਂ ਪਿਛਲੇ ਵੀਕੈਂਡ ਉੱਤੇ ਆਪਣੇ 32000 ਐਕਟਿਵ ਇੰਪਲੌਈਜ਼ ਨੂੰ ਪੂਰੀ ਤਰ੍ਹਾਂ ਵੈਕਸੀਨੇਟਿਡ ਦੱਸਿਆ ਗਿਆ ਸੀ। ਸੋਮਵਾਰ ਨੂੰ ਜਾਰੀ ਕੀਤੀ ਗਈ ਨਿਊਜ਼ ਰਲੀਜ਼ ਵਿੱਚ ਸਿਟੀ ਨੇ ਆਪਣੀ 99 ਫੀ ਸਦੀ ਵਰਕਫੋਰਸ ਨੂੰ ਕੋਵਿਡ-19 ਖਿਲਾਫ ਪੂਰੀ ਤਰ੍ਹਾਂ ਵੈਕਸੀਨੇਟਿਡ ਦੱਸਿਆ। ਇਹ ਦੱਸਿਆ ਗਿਆ



ਕਿ ਇਨ੍ਹਾਂ ਵਿੱਚੋਂ 94 ਫੀ ਸਦੀ, ਭਾਵ 29,899 ਨੇ ਆਖਿਆ ਕਿ ਉਹ ਪੂਰੀ ਤਰ੍ਹਾਂ ਵੈਕਸੀਨੇਸ਼ਨ ਕਰਵਾ ਚੁੱਕੇ ਹਨ ਜਦਕਿ 1064 ਵੱਲੋਂ ਕੋਵਿਡ-19 ਦੀ ਇੱਕ ਡੋਜ਼ ਹੀ ਲਈ ਗਈ ਹੈ। ਇਨ੍ਹਾਂ ਨੂੰ 15 ਨਵੰਬਰ ਤੱਕ ਆਪਣੀ ਦੂਜੀ ਡੋਜ਼ ਲੈਣ ਦਾ ਸਮਾਂ ਦਿੱਤਾ ਗਿਆ ਹੈ।

ਸਿਟੀ ਨੇ ਆਖਿਆ ਕਿ ਉਸ ਦੇ 408 ਇੰਪਲੌਈਜ਼ ਨੇ ਇਹ ਡਿਸਕਲੋਜ਼ਰ ਫਾਰਮ ਭਰਕੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਉਨ੍ਹਾਂ ਵੱਲੋਂ ਕੋਵਿਡ-19 ਦੀ ਕੋਈ ਡੋਜ਼ ਹਾਸਲ ਨਹੀਂ ਕੀਤੀ ਗਈ ਹੈ। ਬਾਕੀ 889 ਇੰਪਲੌਈਜ਼ ਵੱਲੋਂ ਇਹ ਫਾਰਮ ਵੀ ਨਹੀਂ ਭਰਿਆ ਗਿਆ ਤੇ ਨਾ ਹੀ ਉਨ੍ਹਾਂ ਵੱਲੋਂ ਆਪਣੇ ਵੈਕਸੀਨੇਸ਼ਨ ਸਟੇਟਸ ਦਾ ਹੀ ਕੋਈ ਖੁਲਾਸਾ ਕੀਤਾ ਗਿਆ ਹੈ।

# ਕਿਸਾਨ ਅੰਦੋਲਨ ਵਿੱਚ ਨਵਾਂ ਮੋੜ: ਕੇਂਦਰ ਸਰਕਾਰ ਨੂੰ ਰਾਕੇਸ਼ ਟਿਕੈਤ ਦਾ 26 ਨਵੰਬਰ ਤਕ ਅਲਟੀਮੇਟਮ

ਨਵੀਂ ਦਿੱਲੀ, 1 ਨਵੰਬਰ, (ਪੋਸਟ ਬਿਊਰੋ)- ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਭਾਰਤ ਸਰਕਾਰ ਨੂੰ 26 ਨਵੰਬਰ ਤਕ ਦਾ ਸਮਾਂ ਦੇ ਕੇ ਨਵਾਂ ਅਲਟੀਮੇਟਮ ਦਿੱਤਾ ਹੈ ਕਿ ਉਸ ਪਿੱਛੋਂ ਕਿਸਾਨ ਆਪਣਾ ਅੰਦੋਲਨ ਹੋਰ ਤੇਜ਼ ਕਰਨਗੇ।

ਅੱਜ ਏਥੇ ਰਾਕੇਸ਼ ਟਿਕੈਤ ਨੇ ਕਿਹਾ ਕਿ 27 ਨਵੰਬਰ ਤੋਂ ਕਿਸਾਨ ਪਿੰਡਾਂ ਤੋਂ ਟ੍ਰੈਕਟਰਾਂ ਤੋਂ ਦਿੱਲੀ ਦੇ ਹਰ ਪਾਸਿਉਂ ਅੰਦੋਲਨ ਵਾਲੀਆਂ ਥਾਵਾਂ ਤੋਂ ਬਾਰਡਰ ਉੱਤੇ ਪਹੁੰਚ ਕੇ ਪੱਕੀ ਕਿਲੇਬੰਦੀ ਨਾਲ ਅੰਦੋਲਨ ਨੂੰ ਮਜ਼ਬੂਤ ਕਰਨਗੇ ਤੇ ਅੰਦੋਲਨ ਵਾਲੀ ਥਾਂ ਤੰਬੂਆਂ ਨੂੰ ਮਜ਼ਬੂਤ ਕੀਤਾ ਜਾਵੇਗਾ। ਇਸ ਤੋਂ ਪਹਿਲਾਂ ਰਾਕੇਸ਼ ਟਿਕੈਤ ਨੇ ਕਿਹਾ ਸੀ ਕਿ ਦਿੱਲੀਦੇ ਬਾਰਡਰਾਂ ਤੋਂ ਜੇ ਕਿਸਾਨਾਂ ਨੂੰ ਜਬਰੀ ਹਟਾਉਣ ਦੀ ਕੋਸ਼ਿਸ਼ ਕੀਤੀ ਤਾਂ ਸਰਕਾਰੀ ਦਫ਼ਤਰਾਂ ਨੂੰ ਅਸੀਂ ਗੱਲਾ ਮੰਡੀ ਵਿੱਚਬਦਲ ਦੇਵਾਂਗੇ।ਦਿੱਲੀ ਦੇ ਗਾਜ਼ੀਪੁਰ ਤੇ ਟਿੱਕਰੀ ਬਾਰਡਰ ਤੋਂ ਬੈਰੀਕੇਡ ਹਟਾਉਣ ਤੇ ਰਸਤਾ ਪੂਰੀ ਤਰ੍ਹਾਂ ਖੋਲ੍ਹਣ ਬਾਰੇ ਕਿਸਾਨ ਆਗੂਆਂ ਤੇ ਪੁਲਿਸ ਪ੍ਰਸ਼ਾਸਨ ਵਿਚਕਾਰ ਰੇੜਕੇ ਦੌਰਾਨ ਰਾਕੇਸ਼ ਟਿਕੈਤ ਨੇ ਇਹ ਨਵੀਂ ਚਿਤਾਵਨੀ ਦਿੱਤੀ ਹੈ।

ਟਿਕੈਤ ਨੇ ਆਪਣੇ ਰਵਾਇਤੀ ਅੰਦਾਜ਼ ਵਿੱਚ ਦੋ ਦਿਨਾਂ ਵਿੱਚ ਦੂਸਰੀ ਚਿਤਾਵਨੀ ਦਿੱਤੀ ਹੈ। ਕੱਲ੍ਹ ਪੁਲਿਸ ਪ੍ਰਸ਼ਾਸਨ ਨੂੰ ਚਿਤਾਵਨੀ ਦਿੰਦੇ ਹੋਏ ਉਨ੍ਹਾਂ ਕਿਹਾ ਸੀ ਕਿ ਜੇ ਕਿਸਾਨਾਂ ਨੂੰ ਜਬਰੀ ਹਟਾਇਆ ਤਾਂ ਅਸੀਂ ਸਰਕਾਰੀ ਦਫ਼ਤਰਾਂ ਨੂੰ ਅਨਾਜ ਮੰਡੀ ਬਣਾ ਦਿਆਂਗੇ।ਦਿੱਲੀ ਪੁਲਿਸ ਨੇ ਇਹ ਦੋਸ਼ ਬੇਬੁਨਿਆਦ ਦੱਸ ਕੇ ਦਾਅਵਾ ਕੀਤਾ ਹੈ ਕਿ ਕੋਈ ਕਿਸਾਨ ਟੈਂਟ ਨਹੀ ਹਟਾਇਆ ਗਿਆ।ਤਿੰਨ ਖੇਤੀ ਕਾਨੂੰਨਾਂ ਖਿਲਾਫ਼ ਪਿਛਲੇ ਸਾਲ 26 ਨਵੰਬਰ ਤੋਂ ਕਿਸਾਨ ਦਿੱਲੀਬਾਰਡਰਾਂ ਉੱਤੇ ਡਟੇ ਹੋਏ ਹਨ ਤੇ ਅੰਦੋਲਨ ਕਰਦੇ ਹੋਏ ਤਿੰਨਾਂ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦੀ ਮੰਗ ਕਰ ਰਹੇ ਹਨ।

REXDALE BODY SHOP
USED CAR SALE


Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
CHEEMA
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

ਬੇਸਮੈਂਟਸ ਕਿਰਾਏ ਲਈ ਖਾਲੀ
ਗੋਰ ਰੋਡ ਅਤੇ ਕੰਟਰੀਸਾਈਡ ਦੇ ਏਰੀਏ ਵਿਚ ਇਕ ਬੇਸਮੈਂਟ ਦੋ ਬੈਡਰੂਮ ਦੀ ਅਤੇ ਇਕ ਬੇਸਮੈਂਟ ਇਕ ਬੈਡਰੂਮ ਦੀ ਕਰਾਏ ਲਈ ਖਾਲੀ ਹੈ। ਸੈਪਰੇਟ ਕਿਚਨ ਸੈਪਰੇਟ ਫੁਲ ਵਾਸਰੂਮ, ਸ਼ਿਅਰਡ ਲਾਂਡਰੀ। ਸਿਰਫ ਫੈਮਲੀ ਵਾਲੇ ਅਤੇ ਨੋਨ ਸਮੋਕਰ ਅਤੇ ਨੋ ਪੈਟਸ ਵਾਲੇ ਹੀ ਕਾਲ ਕਰਨ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:
416-305-9864

Great Invetsment Opportunity
In The Region of Timminis,ON
8 ACRE OF lAND CAN BE SEVERD IN TWO LOTS OF 4 ACRE
Apartment Building For Sale:

| | | |
|---|---|---|
| 4 units 3 bedroom | 2 units 1 bedroom | 1 unit bachelor |





For More Details Call: 416-970-5005/647-242-8667


Jas Toor
Sales Repersentative
Sutton
Sutton Group-Realty Experts
Brokerage*

Jagdish Grewal
Sales Repersentative
Century 21
President Realty Inc.
Brokerage*


## ਅੱਜ ਨਾਮਾ

ਆਈ ਪਹਿਲੀ ਨਵੰਬਰ ਤਾਂ ਯਾਦ ਆਈ,
ਬਾਹਲਾ ਵੱਡਾ ਸੀ ਸਾਡਾ ਪੰਜਾਬ ਮਿੱਤਰ।
ਵੰਡਿਆ ਦੇਸ਼ ਤਾਂ ਵੰਡ ਪੰਜਾਬ ਹੋਇਆ,
ਬਚੇ ਪੰਜਾਂ 'ਚੋਂ ਢਾਈ ਕੁ ਆਬ ਮਿੱਤਰ।
ਟੁੱਟਿਆ ਜਦੋਂ ਹਰਿਆਣਾ ਤੇ ਰਿਹਾ ਬਾਕੀ,
ਮਾਝਾ, ਮਾਲਵਾ ਜਾਂ ਫਿਰ ਦੋਆਬ ਮਿੱਤਰ।
ਕਿੰਨਾ ਪਾਣੀ ਤੇ ਵਹਿ ਗਿਆ ਖ਼ੂਨ ਕਿੰਨਾ,
ਲਾਉਣਾ ਔਖਾ ਹੈ ਬੜਾ ਹਿਸਾਬ ਮਿੱਤਰ।
ਹੋਈ-ਬੀਤੀ ਦਾ ਰੋਣ ਤਾਂ ਭੁੱਲ ਜਾਈਏ,
ਭੁੱਲਣ ਸੌਖਾ ਨਾ ਉਂਜ ਤਾਂ ਦੁੱਖ ਮਿੱਤਰ।
ਖਹਿੜਾ ਮਨ ਦਾ ਛੱਡੇਗਾ ਫਿਕਰ ਤਾਹੀਂ,
ਦਿੱਸੇ ਜੇਕਰ ਅਗਾਹਾਂ ਦੀ ਸੁੱਖ ਮਿੱਤਰ।

**ਤੀਸ ਮਾਰ ਖਾਂ**

## ਪੰਜਾਬ ਦੇ ਲੋਕਾਂ ਨੂੰ ਦੀਵਾਲੀ ਗਿਫਟ

# ਘਰੇਲੂ ਬਿਜਲੀ ਸਸਤੀ ਹੋਈ, ਗਰੀਬਾਂ ਲਈ 100 ਯੂਨਿਟ ਤੱਕ ਸਿਰਫ 1.19 ਪੈਸੇ ਰੇਟ ਕੀਤਾ ਗਿਆ

### * ਪੰਜਾਬ ਦਾ ਸਾਰਾ ਸਰਕਾਰੀ ਲੈਣ-ਦੇਣ ਕੋਆਪ੍ਰੇਟਿਵ ਬੈਂਕਾਂ ਰਾਹੀਂ ਹੋਵੇਗਾ

ਚੰਡੀਗੜ੍ਹ, 1 ਨਵੰਬਰ, (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਅੱਜ ਕੈਬਨਿਟ ਬੈਠਕ ਵੱਡੇ ਫੈਸਲੇ ਕਰਦਿਆਂ ਇਸ ਰਾਜ ਵਿੱਚ ਬਿਜਲੀ 3 ਰੁਪਏ ਯੂਨਿਟ ਸਸਤੀ ਕਰਨ ਦਾ ਫੈਸਲਾ ਲਿਆ ਤੇਅੱਜਹੀ ਲਾਗੂ ਕਰ ਦਿੱਤਾ ਹੈ।

ਅੱਜ ਏਥੇ ਹੋਈ ਪੰਜਾਬ ਕੈਬਨਿਟ ਦੀ ਮੀਟਿੰਗ ਦੇ ਇਸ ਤਾਜ਼ਾ ਫੈਸਲੇ ਨਾਲ ਘਰੇਲੂ ਬਿਜਲੀ ਦੇ 100 ਯੂਨਿਟਤੱਕਦੀ ਖਪਤ ਲਈ ਸਿਰਫ 1.19 ਪੈਸੇ ਰੇਟ ਹੋਣਗੇ, 100-300 ਯੂਨਿਟਤੱਕ 7 ਤੋਂ ਘਟ ਕੇ 4 ਰੁਪਏ ਤੇ ਉਸ ਤੋਂ ਉੱਪਰ 5.76 ਰੁਪਏ ਯੂਨਿਟ ਰਹਿ ਜਾਵੇਗਾ। ਸਭ ਤੋਂ ਵੱਡੀ ਗੱਲ ਇਹ ਕਿ ਗਰੀਬ ਲੋਕਾਂ ਦਾ 100 ਯੂਨਿਟਤੱਕਜੋ ਬਿਜਲੀਰੇਟ ਇਸ ਵਕਤ 4.19 ਰੁਪਏ ਯੂਨਿਟ ਹੈ, ਉਹ ਨਵੇਂ ਫੈਸਲੇ ਨਾਲ ਸਿਰਫ 1.19 ਰਹਿ ਜਾਵੇਗਾ।ਪੰਜਾਬ ਵਿੱਚ 1 ਕਿਲੋਵਾਟ ਤੱਕਲੋਡ ਵਾਲੇ ਗਰੀਬਖਪਤਕਾਰਾਂ ਲਈ 200 ਯੂਨਿਟ ਬਿਜਲੀ ਬਿਲਕੁਲ ਮੁਫਤ ਰਹੇਗੀ।ਇਸ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਲੋਕ ਮੁਫ਼ਤ ਕੁਝ ਨਹੀਂ ਚਾਹੁੰਦੇ, ਉਹ ਸਸਤੀ, ਪਰ ਪੂਰੀ ਬਿਜਲੀ ਮੰਗਦੇ ਹਨ ਤੇ ਅੱਜ ਪੰਜਾਬ ਵਿੱਚ ਬਿਜਲੀ ਪੂਰੇ ਦੇਸ਼ ਤੋਂ ਸਸਤੀ ਹੋ ਗਈ ਹੈ। ਉਨ੍ਹਾਂ ਕਿਹਾ ਕਿ ਅਸੀਂ ਸਸਤੇ ਭਾਅਬਿਜਲੀ ਖਰੀਦ ਕੇ ਦੇਣੀ ਸ਼ੁਰੂ ਕਰ ਦਿੱਤੀ ਹੈ, ਜਿਸ ਨਾਲ ਪੰਜਾਬ ਨੂੰ ਕੋਈ ਨੁਕਸਾਨ ਨਹੀਂ ਹੋਵੇਗਾ ਤੇ ਇਸ ਫੈਸਲੇ ਨਾਲ ਪੰਜਾਬ ਸਰਕਾਰ ਨੂੰ 3316 ਕਰੋੜ ਰੁਪਏ ਸਬਸਿਡੀ ਵਜੋਂ ਦੇਣੇ ਪੈਣਗੇ। ਇਸ ਤੋਂ ਇਲਾਵਾ ਵੀ ਕਈ ਫੈਸਲੇ ਲਏ ਗਏ ਹਨ।

ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਅੱਜ ਪੰਜਾਬ ਦਿਵਸ ਮੌਕੇ ਰਾਜ ਨੂੰ ਭ੍ਰਿਸ਼ਟਾਚਾਰ ਮੁਕਤ ਕਰਨ ਤੇ ਸਾਫ਼-ਸੁਥਰਾ ਪ੍ਰਸ਼ਾਸਨ ਦੇਣ ਲਈ 'ਮਿਸ਼ਨ ਕਲੀਨ' ਦੇ ਐਲਾਨ ਹੇਠ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਰਿਸ਼ਵਤਖੋਰੀ ਵਿੱਚ ਸ਼ਾਮਲ ਅਤੇ ਲੋਕਾਂ ਦੇ ਕੰਮਾਂ ਵਿੱਚ ਅੜਿੱਕੇ ਡਾਹੁੰਦੇ ਅਫ਼ਸਰਾਂ ਤੇ ਮੁਲਾਜ਼ਮਾਂ ਨੂੰ ਬਖਸ਼ਿਆ ਨਹੀਂ ਜਾਵੇਗਾ।ਚੰਡੀਗੜ੍ਹ ਲਾਗੇ ਖਰੜ-ਲਾਂਡਰਾਂ ਰੋਡ ਉੱਤੇਇੱਕ ਪੈਲੇਸ ਵਿੱਚਕੋਆਪਰੇਟਿਵ ਵਿਭਾਗ ਵਲੋਂ ਕਰਵਾਏ ਰਾਜ ਪੱਧਰ ਦੇ ਨਿਯੁਕਤੀ ਪੱਤਰ ਵੰਡਣ ਦੇ ਸਮਾਰੋਹ ਵਿੱਚ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਪੰਜਾਬ ਵਿੱਚ ਪਾਰਦਰਸ਼ੀ ਤੇ ਲੋਕ-ਪੱਖੀ ਰਾਜ ਚਲਾਉਣ ਦਾ ਪ੍ਰਣ ਕਰਦਿਆਂ ਕਿਹਾ ਕਿ ਅੱਜ ਤੋਂ ਪੰਜਾਬ ਵਿੱਚ ਮਾਈਨਿੰਗ ਮਾਫ਼ੀਆ ਖਤਮ ਕਰਨ ਦੀ ਸ਼ੁਰੂਆਤ ਕਰ ਕੇ ਮਾਈਨਿੰਗ ਦੀ ਹਰ ਥਾਂਪੁਲਸ ਦਾ ਪਹਿਰਾ ਲਾ ਦਿੱਤਾ ਹੈ ਤਾਂ ਕਿ ਰੇਤੇ ਦੀ ਕਾਲਾਬਾਜ਼ਾਰੀ ਰੋਕੀ ਜਾ ਸਕੇ।ਉਨ੍ਹਾ ਕਿਹਾ ਕਿ ਪੁਲਸ ਨੂੰ ਜ਼ਿੰਮੇਵਾਰੀ ਦਿੱਤੀ ਹੈ ਕਿ ਉਹ ਯਕੀਨੀ ਕਰੇ ਕਿ ਹਰ ਕਿਸੇ ਨੂੰ ਰੇਤਾ 9 ਰੁਪਏ ਫੁੱਟ ਦੇ ਸਰਕਾਰੀ ਰੇਟ ਨਾਲ ਮਿਲੇ ਅਤੇ ਜੇ ਡਿਊਟੀ ਉੱਤੇ ਤਾਇਨਾਤ ਪੁਲਿਸ ਵਾਲੇ ਭ੍ਰਿਸ਼ਟਾਚਾਰਕਰਦੇ ਪਤਾ ਲੱਗੇ ਤਾਂ ਉਨ੍ਹਾਂ ਉੱਤੇ ਮਿਸਾਲੀ ਕਾਰਵਾਈ ਕੀਤੀ ਜਾਵੇਗੀ।

ਪੰਜਾਬ ਦਿਵਸ ਮੌਕੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕੋਆਪ੍ਰੇਟਿਵ ਵਿਭਾਗ ਦੇ ਵੱਖ-ਵੱਖ ਅਦਾਰਿਆਂ ਦੀ ਨੌਕਰੀ ਹਾਸਲ ਕਰਨ ਵਾਲੇ 750 ਨੌਜਵਾਨਾਂ ਨੂੰ ਨਿਯੁਕਤੀ ਪੱਤਰ ਸੌਂਪਦੇ ਹੋਏ ਐਲਾਨ ਕੀਤਾ ਕਿ ਅੱਜ ਤੋਂ ਸਾਰੇ ਸਰਕਾਰੀ ਪੈਸੇ ਦਾ ਲੈਣ-ਦੇਣ ਪ੍ਰਾਈਵੇਟ ਬੈਂਕਾਂ ਦੀ ਥਾਂ ਕੋਆਪ੍ਰੇਟਿਵ ਬੈਂਕਾਂ ਰਾਹੀਂ ਕੀਤਾ ਜਾਵੇਗਾ। ਇਸਫੈਸਲੇ ਨੂੰ ਪੰਜਾਬ ਕੈਬਨਿਟ ਪ੍ਰਵਾਨਗੀ ਦੇਵੇਗੀ ਅਤੇ ਸਰਕਾਰੀ ਅਤੇ ਅਰਧ ਸਰਕਾਰੀ ਅਦਾਰਿਆਂ ਦਾ ਲੈਣ-ਦੇਣ ਕੋਆਪਰੇਟਿਵ ਬੈਂਕਾਂ ਰਾਹੀਂ ਯਕੀਨੀ ਕੀਤਾ ਜਾਵੇਗਾ। ਉਨ੍ਹਾਂ ਨੇ ਇਹ ਫੈਸਲਾ 15 ਦਿਨਾਂ ਵਿੱਚ ਲਾਗੂ ਕਰਨ ਦਾ ਭਰੋਸਾ ਦਿੱਤਾ।



# ਵਿਵਾਦਾਂ ਵਿੱਚ ਫਸੇ ਪੰਜਾਬ ਦੇ ਐਡਵੋਕੇਟ ਜਨਰਲ ਏ.ਪੀ.ਐੱਸ. ਦਿਓਲ ਦਾ ਅਹੁਦੇ ਤੋਂ ਅਸਤੀਫ਼ਾ

### * ਦਿਓਲ ਨੇ ਕਿਹਾ: ਮੈਂ ਨਹੀਂ ਦਿੱਤਾ ਅਸਤੀਫਾ

ਚੰਡੀਗੜ੍ਹ, 1 ਨਵੰਬਰ, (ਪੋਸਟ ਬਿਊਰੋ)- ਆਪਣੀ ਨਿਯੁਕਤੀ ਦੇ ਦਿਨ ਤੋਂ ਵਿਵਾਦਾਂ ਵਿੱਚਫਸੇ ਪੰਜਾਬ ਦੇ ਐਡਵੋਕੇਟ ਜਨਰਲ ਏਪੀ ਐੱਸ ਦਿਓਲਵੱਲੋਂਅੱਜ ਇਸ ਅਹੁਦੇ ਤੋਂ ਅਸਤੀਫ਼ਾ ਦੇਣ ਦੀ ਖਬਰ ਆਈ ਹੈ, ਪਰ ਦੇਰ ਸ਼ਾਮ ਉਨ੍ਹਾਂ ਖੁਦ ਕਿਹਾ ਹੈ ਕਿ ਉਨ੍ਹਾਂ ਨੇ ਅਹੁਦੇ ਤੋਂ ਅਸਤੀਫਾ ਦਿੱਤਾ ਹੀ ਨਹੀਂ ਹੈ।

ਵਰਨਣ ਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੇ ਮੁੱਖ ਮੰਤਰੀ ਦਾ ਅਹੁਦਾ ਛੱਡਣ ਅਤੇ ਚਰਨਜੀਤ ਸਿੰਘ ਚੰਨੀ ਦੇ ਮੁੱਖ ਮੰਤਰੀ ਬਣਦੇ ਸਾਰ ਏ ਪੀ ਐੱਸ ਦਿਓਲ ਦੀ ਐਡਵੋਕੇਟ ਜਨਰਲ ਵਜੋਂ ਨਿਯੁਕਤੀ ਨਾਲ ਵਿਵਾਦ ਬਣ ਗਿਆ ਸੀ।ਉਨ੍ਹਾਂ ਉੱਤੇ ਇਤਰਾਜ਼ ਸੀ ਕਿ ਇਸ ਤੋਂ ਪਹਿਲਾਂ ਵਕੀਲ ਵਜੋਂ ਉਨ੍ਹਾਂ ਨੇ ਬੇਅਦਬੀ ਕੇਸ ਬਾਰੇਅਦਾਲਤ ਵਿੱਚ ਦੋਸ਼ੀਆਂ ਦੀ ਪੈਰਵੀ ਕੀਤੀਅਤੇਪੰਜਾਬ ਪੁਲਸ ਦੇ ਵਿਵਾਦਾਂ ਵਿੱਚ ਫਸੇ ਸਾਬਕਾ ਮੁਖੀ ਸੁਮੇਧ ਸਿੰਘ ਸੈਣੀ ਵੱਲੋਂ ਵੀ ਸਰਕਾਰ ਵਿਰੁੱਧ ਕੇਸ ਲੜਿਆ ਸੀ। ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਵੀ ਉਨ੍ਹਾਂ ਦੀ ਨਿਯੁਕਤੀ ਤੋਂ ਏਨੇ ਨਾਰਾਜ਼ ਸਨ ਕਿ ਉਨ੍ਹਾਂ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਵਜੋਂ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀਤੇ ਅਜੇ ਤੱਕ ਵਾਪਸ ਨਹੀਂ ਲਿਆ।

ਇਸ ਦੌਰਾਨ ਬੀਤੇ ਦਿਨੀਂ ਜਦੋਂ ਫਰੀਦਕੋਟ ਅਦਾਲਤ ਨੇ ਡੇਰਾ ਸੱਚਾ ਸੌਦਾ ਦੇ ਮੁਖੀ ਰਾਮ ਰਹੀਮ ਦੇ ਪ੍ਰੋਡਕਸ਼ਨ ਵਾਰੰਟਕੱਢੇ ਅਤੇ ਉਨ੍ਹਾਂ ਵਾਰੰਟਾਂ ਉੱਤੇ ਰੋਕ ਦਾ ਕੇਸਹਾਈ ਕੋਰਟ ਗਿਆ ਤਾਂ ਏ ਪੀ ਐੱਸ ਦਿਓਲ ਦੇ ਵਕਾਲਤ ਦੇ ਪੈਂਤੜੇ ਦੀ ਚਰਚਾਵੀ ਹੋਈ ਸੀ। ਇਸ ਦੌਰਾਨ ਸਰਕਾਰ ਵੱਲੋਂ ਸਪੈਸ਼ਲ ਪਬਲਿਕ ਪ੍ਰੌਸੀਕਿਊਟਰ ਨਿਯੁਕਤ ਕੀਤੇ ਰਾਜਵਿੰਦਰ ਸਿੰਘ ਬੈਂਸ ਦੀ ਬੇਅਦਬੀ ਕੇਸ ਦੇ ਟਰਾਇਲ ਦੌਰਾਨ ਪੇਸ਼ ਹੋਣ ਅਤੇ ਹਾਈ ਕੋਰਟ ਵੱਲੋਂ ਉਸ ਉੱਤੇ ਰੋਕ ਲਾਉਣ ਨੂੰ ਵੀ ਐਡਵੋਕੇਟ ਜਨਰਲ ਦੇ ਅਹੁਦੇ ਤੋਂ ਏ ਪੀ ਐੱਸ ਦਿਓਲ ਦੇ ਅਸਤੀਫ਼ੇ ਦਾ ਆਧਾਰ ਕਿਹਾ ਜਾ ਰਿਹਾ ਹੈ। ਹਾਈ ਕੋਰਟ ਵਿੱਚ ਦੋ ਮਹੱਤਵ ਪੂਰਨ ਕੇਸਾਂ ਵਿੱਚ ਸਰਕਾਰ ਦੀ ਹਾਰ ਨਾਲ ਏ ਪੀ ਐੱਸ ਦਿਓਲ ਉੱਤੇ ਉਂਗਲਾਂ ਉੱਠਣ ਲੱਗੀਆਂ ਸਨ।

ਦੂਸਰੇ ਪਾਸੇ ਭਾਰਤੀ ਜਨਤਾ ਪਾਰਟੀ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਵਿਅੰਗ ਕੀਤਾ ਹੈ ਕਿ ਕਾਂਗਰਸ ਆਪਣੇ ਆਪ ਨੂੰ ਖਤਮ ਕਰਨ ਤੁਰੀ ਹੋਈ ਹੈ ਤੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੇ ਕਾਂਗਰਸ ਦੇ ਸੂਬਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਵਿਚਾਲੇ ਖਿੱਚੋਤਾਣ ਏਥੋਂ ਤੱਕ ਪਹੁੰਚ ਗਈ ਕਿ ਐਡਵੋਕੇਟ ਜਨਰਲ ਨੂੰ ਨਿਯੁਕਤੀ ਦੇ ਕੁਝ ਦਿਨਾਂ ਅੰਦਰ ਅਸਤੀਫ਼ਾ ਦੇਣਾ ਪੈ ਗਿਆ ਹੈ। ਅਸ਼ਵਨੀ ਸ਼ਰਮਾ ਨੇ ਕਿਹਾ ਕਿ ਇਸ ਤੋਂ ਪਹਿਲਾਂ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਐਡਵੋਕੇਟ ਜਨਰਲ ਏ ਪੀ ਐਸ ਦਿਓਲ ਅਤੇ ਪੁਲਿਸ ਮੁਖੀ ਵਜੋਂ ਇਕਬਾਲ ਪ੍ਰੀਤ ਸਿੰਘ ਸਹੋਤਾ ਦੀ ਨਿਯੁਕਤੀ ਦੇ ਵਿਰੁੱਧ ਅਸਤੀਫ਼ਾ ਦੇ ਕੇ ਕਿਹਾ ਸੀ ਕਿ ਦੋਵੇਂ ਜਣੇ ਬੇਅਦਬੀ ਕੇਸਾਂਦੇ ਦੋਸ਼ੀਆਂ ਦਾ ਬਚਾਅ ਕਰਦੇ ਰਹੇ ਹਨ।

ਦੇਰ ਸ਼ਾਮ ਏ ਪੀ ਐੱਸ ਦਿਓਲ ਦਾ ਬਿਆਨ ਆਇਆ ਹੈ ਕਿ ਉਹ ਅੱਜ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਮਿਲਣ ਜ਼ਰੂਰ ਗਏ ਸਨ, ਪਰ ਅਸਤੀਫਾ ਦੇਣ ਵਰਗੀ ਕੋਈ ਗੱਲ ਹੀ ਨਹੀਂ ਹੋਈ।

# ਨਵਜੋਤ ਸਿੱਧੂ ਇੱਕ ਵਾਰ ਫਿਰ ਆਪਣੀ ਹੀ ਸਰਕਾਰ ਉੱਤੇ ਭੜਕਿਆ

### * ਖ਼ਜ਼ਾਨਾ ਭਰਿਆ ਹੈ ਤਾਂ ਕੱਚੇ ਮੁਲਾਜ਼ਮ ਪੱਕੇ ਕਿਉਂ ਨਹੀਂ ਕਰਦੇ: ਸਿੱਧੂ * ਲਾਲ ਸਿੰਘ ਨਾਲ ਬੰਦ ਕਮਰਾ ਮੀਟਿੰਗ ਜਾ ਕੀਤੀ

ਚੰਡੀਗੜ੍ਹ, 1 ਨਵੰਬਰ, (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਅੱਜ ਸੋਮਵਾਰ ਨੂੰਫਿਰ ਆਪਣੀ ਹੀ ਪਾਰਟੀ ਦੀ ਰਾਜ ਸਰਕਾਰ ਅਤੇ ਪਾਰਟੀ ਉੱਤੇ ਤਿੱਖਾ ਹਮਲਾ ਕੀਤਾ ਹੈ।

ਨਵਜੋਤ ਸਿੰਘ ਸਿੱਧੂ ਨੇ ਇੱਕ ਵਾਰ ਫਿਰ ਆਪਣੇ ਆਪ ਨੂੰ ਮੁੱਖ ਮੰਤਰੀ ਵਜੋਂ ਪ੍ਰਾਜੈਕਟ ਕੀਤਾ ਤੇ ਸਰਕਾਰਵੱਲੋਂ ਕੀਤੇ ਜਾਂਦੇ ਕੰਮਾਂ ਬਾਰੇ ਕਿਹਾ ਕਿ ਦੋ ਮਹੀਨੇ ਰਹਿ ਗਏ ਹਨ ਤਾਂ ਸਭ ਮੁਫ਼ਤ ਵੰਡਿਆ ਜਾਂਦਾ ਹੈ, ਪਹਿਲਾਂ ਏਦਾਂ ਕਿਉਂ ਨਾ ਕੀਤਾ।ਅੱਜ ਜਦੋਂ ਮੁੱਖ ਮੰਤਰੀ ਪੰਜਾਬ ਵਿੱਚ ਬਿਜਲੀ ਤਿੰਨ ਰੁਪਏ ਯੂਨਿਟ ਘੱਟ ਕਰਨ ਲਈ ਬੈਠਕ ਕਰ ਰਹੇ ਸਨ, ਓਦੋਂ ਪਹਿਲਾਂ ਨਵਜੋਤ ਸਿੰਘ ਸਿੱਧੂ ਨੇ ਪਾਰਟੀ ਵਰਕਰਾਂ ਨੂੰ ਕਿਹਾ ਕਿ ਉਹ ਪੁੱਛਣ ਕਿ ਸਭ ਕੁਝ ਮੁਫ਼ਤ ਦੇਣ ਲਈ ਪੈਸਾ ਕਿੱਥੋਂ ਆਊਗਾ। ਉਹ ਸਾਬਕਾ ਵਿਧਾਇਕ ਅਸ਼ਵਨੀ ਸੇਖੜੀ ਵੱਲੋਂਕਰਵਾਏ ਹਿੰਦੂ ਮਹਾਸਭਾ ਦੇ ਸੰਮੇਲਨ ਵਿੱਚ ਬੋਲ ਰਹੇ ਸਨ।

ਇਸ ਮੌਕੇ ਨਵਜੋਤ ਸਿੰਘ ਸਿੱਧੂ ਨੇ ਬਰਗਾੜੀ ਕਾਂਡ ਦੀ ਮਿਸਾਲ ਦੇ ਕੇ ਕਿਸੇ ਦਾ ਨਾਂ ਲਏ ਬਿਨਾਕਿਹਾ,'ਗੁਰੂ ਦਾ ਅਪਮਾਨ ਕਰਨ ਵਾਲਾ ਸੁਖ ਨਾਲ ਕਿਵੇਂ ਰਹਿ ਸਕਦਾ ਹੈ, ਪਹਿਲਾਂ ਸਰਕਾਰ ਬਦਲੀ, ਫਿਰ ਮੁੱਖ ਮੰਤਰੀ ਨੂੰ ਰਾਜੇ ਤੋਂ ਰੰਕ ਬਣਾ ਦਿੱਤਾ ਤੇ ਫਿਰ ਇਕ ਹੋਰ ਬਣਾ ਦਿੱਤਾ। ਉਹ ਦੇਖਦਾ ਹੈ ਕਿ ਕੌਣ ਸੋਨਾ ਹੈ ਤਾਂ ਕੌਣ ਮਿੱਟੀ।ਅਸਲੀ ਲੋਕ ਪੰਜਾਬ ਦੀ ਮਿੱਟੀ ਵਿੱਚ ਮਣੀਆਂ ਵਾਂਗ ਰੁਲਦੇ ਹਨ, ਤੁਸੀਂ ਉਨ੍ਹਾਂ ਨੂੰ ਚੁੱਕੋ ਅਤੇ ਮੁਕਟ ਵਿੱਚ ਸਜਾਓ।' ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਬੀਤੇ ਦਿਨੀਂ ਕਿਹਾ ਸੀ ਕਿ ਪੰਜਾਬ ਦਾ ਖ਼ਜ਼ਾਨਾ ਭਰਿਆ ਹੈ।ਸਿੱਧੂ ਨੇ ਚੰਨੀ ਦਾ ਨਾਂ ਲਏ ਬਿਨਾਂ ਕਿਹਾ 'ਗ਼ਲਤ ਹਨ ਉਹ ਲੋਕ, ਜਿਹੜੇ ਕਹਿੰਦੇ ਹਨ ਕਿ ਖ਼ਜ਼ਾਨਾ ਭਰਿਆ ਹੈ।ਜੇ ਭਰਿਆ ਹੈ ਤਾਂ ਕੱਚੇ ਮੁਲਾਜ਼ਮ ਪੱਕੇ ਕਿਉਂ ਨਹੀਂ ਕਰਦੇ। ਲੋਕ ਪੱਕੇ ਹੋਣ ਦੀ ਮੰਗ ਲਈ ਟੈਂਕੀਆਂ ਉੱਤੇ ਚੜ੍ਹੇ ਹਨ।ਖ਼ਜ਼ਾਨਾ ਭਰਿਆ ਹੈ ਤਾਂ ਮੁਲਾਜ਼ਮਾਂ ਦੀ ਪੁਰਾਣੀ ਪੈਨਸ਼ਨ ਬਹਾਲ ਕਰੋ।'ਉਨ੍ਹਾ ਕਿਹਾ ਕਿ ਉਨ੍ਹਾਂ ਦਾ ਮਕਸਦ ਪੰਜਾਬ ਵਿੱਚ ਸਰਕਾਰ ਬਣਾਉਣਾ ਨਹੀਂ, ਪੰਜਾਬ ਦੇ ਲੋਕਾਂ ਦੀ ਭਲਾਈ ਕਰਨਾ ਹੈ ਅਤੇ ਉਹ ਇਸ ਲਈ ਕੋਈ ਸਮਝੌਤਾ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਸਿਆਸਤ ਕਾਰੋਬਾਰ ਹੋ ਗਿਆ ਹੈ, ਮਿਸ਼ਨ ਨਹੀਂ ਰਿਹਾ, ਉਹ ਲੋਕ ਖ਼ਤਮ ਹੋ ਗਏ ਹਨ, ਜਿਨ੍ਹਾਂ ਦੇ ਆਦਰਸ਼ਾਂ ਉੱਤੇ ਲੋਕ ਜਾਨ ਦੇਣ ਨੂੰ ਤਿਆਰ ਰਹਿੰਦੇ ਸਨ। ਉਨ੍ਹਾ ਕਿਹਾ ਕਿ ਅੱਜ ਪੰਜਾਬਦੇ ਸਿਰਪੰਜ ਲੱਖ ਕਰੋੜ ਰੁਪਏ ਕਰਜ਼ਾਹੈ, ਲੋਕ ਇਹ ਵਹਿਮ ਕੱਢ ਦੇਣ ਕਿ ਇਹ ਸਰਕਾਰ ਨੇ ਭਰਨਾ ਹੈ, ਇਹ ਲੋਕਾਂ ਨੇ ਭਰਨਾ ਹੈ। ਸਿਆਸੀ ਪਾਰਟੀਆਂ ਵਾਲੇ ਤਿੰਨ-ਤਿੰਨ, ਚਾਰ-ਚਾਰ ਪੈਨਸ਼ਨਾਂ ਲੈਂਦੇ ਹਨ, ਪਰ ਮੈਂ ਦੁਬਾਰਾ ਜਿੱਤਿਆ ਤਾਂ ਦੂਜੀ ਪੈਨਸ਼ਨ ਨਹੀਂ ਲਵਾਂਗਾ। ਮੈਂ ਵਾਅਦੇ ਪੂਰੇ ਕਰਨ ਦੀ ਸਹੁੰ ਨਹੀਂ ਚੁੱਕਦਾ ਤੇ ਨਾ ਵੱਡੇ-ਵੱਡੇ ਵਾਅਦੇ ਕਰਾਂਗਾ।



ਇਸ ਦੌਰਾਨ ਪੰਜਾਬ ਕਾਂਗਰਸ ਦੇ ਨਵਜੋਤ ਸਿੱਧੂ ਨੇ ਪੰਜਾਬ ਕਾਂਗਰਸ ਦੇ ਸਾਬਕਾ ਕਾਰਜਕਾਰੀ ਪ੍ਰਧਾਨ ਅਤੇ ਮੰਡੀ ਬੋਰਡ ਦੇ ਚੇਅਰਮੈਨ ਲਾਲ ਸਿੰਘ ਤੇ ਉਨ੍ਹਾਂ ਦੇ ਵਿਧਾਇਕ ਬੇਟੇ ਰਜਿੰਦਰ ਸਿੰਘ ਨਾਲ ਅੱਜ ਬੰਦ ਕਮਰਾ ਮੀਟਿੰਗ ਕੀਤੀ ਹੈ। ਜਾਣਕਾਰਾਂ ਮੁਤਾਬਕ ਨਵਜੋਤ ਸਿੰਘਸਿੱਧੂ ਸੋਮਵਾਰ ਸ਼ਾਮ ਲਾਲ ਸਿੰਘ ਦੇ ਘਰ ਗਏ ਅਤੇ ਕਰੀਬ ਅੱਧਾ ਘੰਟਾ ਰਹੇ।ਪਤਾ ਲੱਗਾ ਹੈ ਕਿ ਸਿੱਧੂ ਨੇ ਲਾਲ ਸਿੰਘ ਨਾਲਅਗਲੀਆਂ ਚੋਣਾਂ ਲਈਪਾਰਟੀ ਸਰਗਰਮੀਆਂ ਤੇਜ਼ ਕਰਨ, ਪਾਰਟੀ ਦਾ ਜਥੇਬੰਦਕ ਢਾਂਚਾ ਜਥੇਬੰਦ ਕਰਨ ਤੇ ਪਾਰਟੀ ਨੂੰ ਮਜਬੂਤ ਕਰਨ ਬਾਰੇ ਵਿਚਾਰ ਕੀਤੀ ਹੈ। ਇਹ ਵੀ ਪਤਾ ਲੱਗ ਹੈ ਕਿ ਕਾਂਗਰਸ ਹਾਈਕਮਾਨ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਵੱਖਰੀ ਪਾਰਟੀ ਬਣਾਉਣ ਦੇ ਐਲਾਨ ਪਿੱਛੋਂ ਪੰਜਾਬ ਦੇ ਪ੍ਰਧਾਨ ਨਵਜੋਤ ਸਿੰਘਸਿੱਧੂਅਤੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਕਾਂਗਰਸੀ ਆਗੂਆਂ ਅਤੇ ਵਿਧਾਇਕਾਂ ਨਾਲ ਸੰਪਰਕ ਵਧਾਉਣ ਨੂੰ ਕਿਹਾ ਹੈ। ਪਿਛਲੇ ਦਿਨੀਂਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਰਾਹੁਲ ਗਾਂਧੀ ਨੇ ਮੀਟਿੰਗ ਕੀਤੀ ਅਤੇ ਇਸ ਮੀਟਿੰਗ ਪਿੱਛੋਂ ਰਾਹੁਲ ਗਾਂਧੀ ਨੇ ਸਾਬਕਾ ਮੰਤਰੀਆਂ ਰਾਣਾ ਗੁਰਮੀਤ ਸਿੰਘ ਸੋਢੀ, ਬਲਬੀਰ ਸਿੰਘ ਸਿੱਧੂ, ਸੁੰਦਰ ਸ਼ਾਮ ਅਰੋੜਾ ਤੇ ਸਾਧੂ ਸਿੰਘ ਧਰਮਸੋਤ ਨਾਲ ਮੀਟਿੰਗ ਕੀਤੀ ਸੀ। ਇਹ ਚਾਰੇ ਜਣੇ ਸਾਬਕਾ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨਜ਼ਦੀਕੀ ਮੰਨੇ ਜਾਂਦੇ ਹਨ।

## ਜਨਵਰੀ ਤੋਂ ਓਨਟਾਰੀਓ ਵਿੱਚ ਘੱਟ ਤੋਂ ਘੱਟ ਉਜਰਤਾਂ ਹੋਣਗੀਆਂ 15 ਡਾਲਰ ਪ੍ਰਤੀ ਘੰਟਾ

...ਪੰਨਾ 1 ਦਾ ਬਾਕੀ

ਸੂਤਰਾਂ ਦਾ ਇਹ ਵੀ ਕਹਿਣਾ ਹੈ ਕਿ ਘੱਟ ਤੋਂ ਘੱਟ ਉਜਰਤਾਂ ਵਿੱਚ ਇਹ ਵਾਧਾ ਮਹਿੰਗਾਈ ਦੀ ਦਰ ਦੇ ਨਾਲ ਅੱਗੇ ਵੀ ਜਾਰੀ ਰਹੇਗਾ। ਇਸ ਸਮੇਂ ਓਨਟਾਰੀਓ ਵਿੱਚ ਘੱਟ ਤੋਂ ਘੱਟ ਉਜਰਤਾਂ 14.35 ਡਾਲਰ ਪ੍ਰਤੀ ਘੰਟਾ ਹਨ।

ਅਕਤੂਬਰ 2020 ਵਿੱਚ ਪ੍ਰੋਵਿੰਸ਼ੀਅਲ ਘੱਟ ਤੋਂ ਘੱਟ ਉਜਰਤਾਂ 14 ਡਾਲਰ ਪ੍ਰਤੀ ਘੰਟੇ ਤੋਂ ਵੱਧ ਕੇ 14.25 ਡਾਲਰ ਪ੍ਰਤੀ ਘੰਟਾ ਹੋਈਆਂ ਸਨ। ਉਸ ਤੋਂ ਪਹਿਲਾਂ ਓਨਟਾਰੀਓ ਵਿੱਚ ਜਨਵਰੀ 2018 ਤੋਂ ਕੋਈ ਵਾਧਾ ਨਹੀਂ ਸੀ ਹੋਇਆ। ਉਸ ਸਮੇਂ ਇਹ 11.60 ਡਾਲਰ ਪ੍ਰਤੀ ਘੰਟਾ ਤੋਂ 14 ਡਾਲਰ ਪ੍ਰਤੀ ਘੰਟਾ ਹੋਈਆਂ ਸਨ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

NEED A LAWYER ??
KAUR LAW OFFICE
Red Seal NOTARY
REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage
IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application
FAMILY LAWYER
- Child & Spousal support
- Custody & Access
- Divorce
- Equalization
BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits
WILLS & ESTATE
- Wills
- Certificate of Estate Trustee with/without Will
- Power of attorney for Property & Personal Care
MANJEET KAUR
LL.B., (London UK)
Barrister, Solicitor & Notary Public
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂੰਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkwy unit #45, Brampton, ON L6S 5T4 Email: grandupholsery@gmail.com

# ਸਕੇਟਬੋਰਡ ਕਰ ਰਹੇ ਟੀਨੇਜਰ ਨੂੰ ਗੱਡੀ ਨੇ ਮਾਰੀ ਟੱਕਰ

ਟੋਰਾਂਟੋ, 1 ਨਵੰਬਰ (ਪੋਸਟ ਬਿਊਰੋ) :ਸੋਮਵਾਰ ਰਾਤ ਨੂੰ ਡਾਊਨਟਾਊਨ ਟੋਰਾਂਟੋ ਵਿੱਚ ਸਕੇਟਬੋਰਡ ਕਰਦੇ ਸਮੇਂ ਇੱਕ ਟੀਨੇਜਰ ਨੂੰ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਉਹ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਇਹ ਜਾਣਕਾਰੀ ਪੈਰਾਮੈਡਿਕਸ ਨੇ ਦਿੱਤੀ।



ਇਹ ਘਟਨਾ ਰਾਤੀਂ 9:10 ਉੱਤੇ ਯੌਰਕ ਸਟਰੀਟ ਤੇ ਐਡੀਲੇਡ ਸਟਰੀਟ ਵੈਸਟ ਉੱਤੇ ਵਾਪਰੀ।ਟੀਨੇਜਰ ਨੂੰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ। ਪੁਲਿਸ ਨੇ ਦੱਸਿਆ ਕਿ ਜਿਸ ਗੱਡੀ ਵੱਲੋਂ ਟੱਕਰ ਮਾਰੀ ਗਈ ਉਹ ਮੌਕੇ ਉੱਤੇ ਮੌਜੂਦ ਰਹੀ।

# ਗ੍ਰੀਨਹਾਊਸ ਗੈਸਾਂ ਦੇ ਰਿਸਾਅ ਨੂੰ ਰੋਕਣ ਦਾ ਟਰੂਡੋ ਨੇ ਪ੍ਰਗਟਾਇਆ ਤਹੱਈਆ

...ਪੰਨਾ 1 ਦਾ ਬਾਕੀ

ਜੂਨ ਵਿੱਚ ਤਾਪਮਾਨ ਹੱਦ ਤੋਂ ਜ਼ਿਆਦਾ ਵੱਧ ਜਾਣ ਕਾਰਨ ਲੱਗੀ ਜੰਗਲ ਦੀ ਅੱਗ ਨਾਲ ਤਬਾਹ ਹੋਏ ਬੀਸੀ ਦੇ ਪਿੰਡ ਲਿਟਨ ਦੇ ਸੰਦਰਭ ਵਿੱਚ ਗੱਲ ਕਰ ਰਹੇ ਸਨ। ਇਸ ਮੌਕੇ ਇੱਕਠੇ ਹੋਏ ਆਗੂਆਂ, ਜਿਨ੍ਹਾਂ ਵਿੱਚ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਤੇ ਜਰਮਨ ਦੀ ਚਾਂਸਲਰ ਐਂਜੇਲਾ ਮਰਕਲ ਵੀ ਸ਼ਾਮਲ ਸਨ, ਨੂੰ ਸੰਬੋਧਨ ਕਰਦਿਆਂ ਉਨ੍ਹਾਂ ਆਖਿਆ ਕਿ ਜੋ ਕੱਝ ਲਿਟਨ ਵਿੱਚ ਹੋਇਆ ਉਹ ਕਿਤੇ ਹੋਰ ਵੀ ਹੋ ਸਕਦਾ ਹੈ। ਟਰੂਡੋ ਨੇ ਆਖਿਆ ਕਿ ਸਾਨੂੰ ਹੋਰ ਕਿੰਨੇ ਸੰਕੇਤਾਂ ਦੀ ਲੋੜ ਹੈ? ਇਸ ਸਮੱਸਿਆ ਖਿਲਾਫ ਸਾਨੂੰ ਰਲ ਕੇ ਹੰਭਲਾ ਮਾਰਨ ਦੀ ਲੋੜ ਹੈ।

ਗੈਸ ਤੇ ਤੇਲ ਸੈਕਟਰ ਉੱਤੇ ਇਸ ਤਰ੍ਹਾਂ ਕੈਪ ਲਾਏ ਜਾਣ ਦਾ ਵਾਅਦਾ ਲਿਬਰਲਾਂ ਵੱਲੋ ਆਪਣੇ ਚੋਣ ਪਲੇਟਫਾਰਮ ਵਿੱਚ ਵੀ ਕੀਤਾ ਗਿਆ ਸੀ। ਉਨ੍ਹਾਂ ਵੱਲੋਂ ਗ੍ਰੀਨਹਾਊਸ ਗੈਸਾਂ ਦੇ ਰਿਸਾਅ ਨੂੰ ਉਦੋਂ ਤੱਕ ਘਟਾਉਣ ਲਈ ਪੂਰੀ ਤਾਕਤ ਲਾਈ ਜਾਵੇਗੀ ਜਦੋਂ ਤੱਕ 2050 ਤੱਕ ਇਹ ਰਿਸਾਅ ਜ਼ੀਰੋ ਤੱਕ ਨਹੀਂ ਅੱਪੜ ਜਾਂਦਾ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, |
| **Office Admin** | Sajandeep Singh |
| **Graphic Designer** | Angrez Singh |
| **Photographer** | Kanwaljit Singh Kanwal |
| **Distributer**<br>Marketing: | Aman Warraich<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਕਰਜ਼ਾ ਘਪਲੇ ਦੇ ਦੋਸ਼ ਵਿੱਚ ਸਟੇਟ ਬੈਂਕ ਦਾ ਸਾਬਕਾ ਚੇਅਰਮੈਨ ਕਾਬੂ

* 200 ਕਰੋੜ ਦੀ ਜਾਇਦਾਦ 25 ਕਰੋੜ ਵਿੱਚ ਵੇਚਣ ਦਾ ਦੋਸ਼

ਨਵੀਂ ਦਿੱਲੀ, 1 ਨਵੰਬਰ, (ਪੋਸਟ ਬਿਊਰੋ)- ਇੱਕ ਵੱਡੇ ਕਰਜ਼ਾ ਘੁਟਾਲੇ ਦੇ ਦੋਸ਼ ਵਿੱਚਭਾਰਤੀ ਸਟੇਟ ਬੈਂਕ (ਐੱਸ ਬੀ ਆਈ) ਦੇ ਸਾਬਕਾ ਚੇਅਰਮੈਨ ਪ੍ਰਦੀਪ ਚੌਧਰੀ ਨੂੰ ਰਾਜਸਥਾਨ ਪੁਲਸ ਨੇ ਅੱਜ ਗ੍ਰਿਫ਼ਤਾਰ ਕਰ ਲਿਆ ਹੈ। ਉਸ ਉੱਤੇ 200 ਕਰੋੜ ਰੁਪਏ ਦੀ ਜਾਇਦਾਦ 25 ਕਰੋੜ ਵਿੱਚ ਵੇਚਣ ਦਾ ਦੋਸ਼ ਹੈ। ਮਿਲੀ ਰਿਪੋਰਟ ਮੁਤਾਬਕ ਇਹ ਕੇਸ ਗੋਦਾਵਨ ਗਰੁੱਪ ਦੀ ਜਾਇਦਾਦ ਨਾਲ ਸਬੰਧਤ ਹੈ, ਜਿਸ ਨੇ ਜੈਸਲਮੇਰ ਵਿੱਚ ਇੱਕ ਹੋਟਲ ਬਣਾਉਣ ਲਈ2008 ਵਿੱਚਐੱਸ ਬੀ ਆਈ ਤੋਂ 24 ਕਰੋੜ ਰੁਪਏ ਦਾ ਕਰਜ਼ਾ ਲਿਆ ਸੀ। ਚੌਧਰੀ ਪ੍ਰਦੀਪ ਉੱਤੇ ਦੋਸ਼ ਹੈ ਕਿ ਜਦੋਂ ਕਰਜ਼ਾ ਨਾ ਮੋੜਨ ਉੱਤੇ ਜਾਇਦਾਦ ਜ਼ਬਤ ਕੀਤੀ ਤਾਂ ਉਸ ਨੇ 200 ਕਰੋੜ ਰੁਪਏ ਦੀ ਜਾਇਦਾਦ 25 ਕਰੋੜ ਦੀ ਵੇਚ ਦਿੱਤੀ। ਗੋਦਾਵਨ ਦੀਆਂ ਜਾਇਦਾਦਾਂ 2016 ਵਿੱਚ ਐਲਕੇਮਿਸਟ ਐਸੇਟ ਰੀਕੰਸਟ੍ਰਕਸ਼ਨ ਕੰਪਨੀ (ਏਆਰਸੀ) ਨੂੰ ਵੇਚੀਆਂ ਗਈਆਂ ਸਨ, ਜਦੋਂ ਪ੍ਰਦੀਪ ਚੌਧਰੀ ਐੱਸ ਬੀ ਆਈ ਦੇ ਚੇਅਰਮੈਨ ਸਨ। ਇਸ ਰਿਪੋਰਟ ਮੁਤਾਬਕ 2017 ਵਿੱਚ ਜਾਇਦਾਦ ਦੀ ਮਾਰਕੀਟ ਕੀਮਤ 160 ਕਰੋੜ ਰੁਪਏ ਸੀਤੇ ਅਜੋਕੀ ਕੀਮਤ 200 ਕਰੋੜ ਰੁਪਏ ਬਣਦੀ ਹੈ। ਘੱਟ ਕੀਮਤ ਉੱਤੇ ਜਾਇਦਾਦ ਵੇਚਣ ਵਿਰੁੱਧ ਗੋਦਾਵਨ ਗਰੁੱਪ ਨੇ ਅਦਾਲਤ ਪਹੁੰਚ ਕੀਤੀ ਸੀ। ਦਿਲਚਸਪ ਗੱਲ ਹੈ ਕਿ ਐੱਸ ਬੀ ਆਈ ਦੇ ਚੇਅਰਮੈਨ ਵਜੋਂ ਸੇਵਾਮੁਕਤੀ ਪਿੱਛੋਂ ਪ੍ਰਦੀਪ ਚੌਧਰੀ ਜਾਇਦਾਦ ਖਰੀਦਣ ਵਾਲੀ ਐਲਕੇਮਿਸਟ ਦੇ ਡਾਇਰੈਕਟਰ ਜਾ ਬਣੇ ਸਨ। ਇਸ ਕੇਸਵਿੱਚਅਦਾਲਤ ਨੇ ਪ੍ਰਦੀਪ ਚੌਧਰੀ ਦੀ ਗ੍ਰਿਫਤਾਰੀ ਦੇ ਆਦੇਸ਼ ਦਿੱਤੇ ਸਨ।


## ਲੇਡੀ ਵਰਕਰ ਦੀ ਲੋੜ

Best Western Hotel (Centennial & Eglinton) ਵਿਚ ਕਲੀਨਿੰਗ ਦਾ ਕੰਮ ਕਰਨ ਲਈ ਲੇਡੀ ਵਰਕਰ ਦੀ ਜ਼ਰੂਰਤ ਹੈ। ਡਿਊਟੀ ਦਾ ਸਮਾਂ 9-5:30 ਹੋਵੇਗਾ।

## ਹੈਂਡੀਮੈਨ ਦੀ ਲੋੜ

ਪਲੰਬਿੰਗ, ਇਲੈਕ੍ਰਟ੍ਰੀਸ਼ੀਅਨ ਅਤੇ ਕੰਸਟ੍ਰਕਸ਼ਨ ਦਾ ਥੋੜਾ ਬਹੁਤ ਤਜਰਬਾ ਰੱਖਣ ਵਾਲੇ ਹੈਂਡੀਮੈਨ ਦੀ ਲੋੜ ਹੈ। ਤਨਖਾਹ ਹੋਵੇਗੀ $20-22/ਹਰ ਦਿੱਤੀ ਜਾਵੇਗੀ।

**ਸੰਪਰਕ: 416-816-1695**

ਕਾਲ ਕਰਨ ਦਾ ਸਮਾਂ ਸਵੇਰੇ 9 ਤੋਂ ਸ਼ਾਮ 7 ਵਜੇ ਤੱਕ

## ਫਾਰਮ ਵਰਕਰ ਦੀ ਲੋੜ

ਨਰਸਰੀ ਅਤੇ ਫਾਰਮਾਂ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।
**ਮੋਬਾਇਲ: ਪਰਮਿੰਦਰ ਗਰੇਵਾਲ 647-391-1000**
**ਬਲਵੀਰ ਸਰਪੰਚ 289-541-5384**

## ਲੇਡੀਜ਼ ਵਰਕਰ ਦੀ ਲੋੜ

ਵਸਾਗਾ ਬੀਚ ਦੇ ਏਰੀਆ ਵਿਚ ਘਰ ਅਤੇ ਮੋਟਲ ਵਿਚ ਕਲੀਨਿੰਗ ਦਾ ਅਤੇ ਹੋਰ ਛੋਟੇ ਮੋਟੇ ਕੰਮ ਕਰਨ ਲਈ ਲੇਡੀਜ਼ ਵਰਕਰ ਦੀ ਲੋੜ ਹੈ। ਰਹਿਣ ਸਹਿਣ ਅਤੇ ਖਾਣ ਪੀਣ ਦੀ ਸਹੂਲਤ ਉਥੇ ਹੀ ਦਿੱਤੀ ਜਾਵੇਗੀ। ਤਨਖਾਹ ਬਾਰੇ ਅਤੇ ਹੋਰ ਜਾਣਕਾਰੀ ਲੈਣ ਲਈ ਕਾਲ ਕਰੋ :
**705-443-2556**

## ਖਿੜਕੀਆਂ ਅਤੇ ਦਰਵਾਜੇ ਲਗਵਾਓ

Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਜ਼ੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com

**CANADIAN GLASS AND WINDOW**

## ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224

## REXDALE FINANCIAL SERVICES

WE HELP YOU START, GROW AND SUCCEED

We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009

ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
- DEBT CONSOLIDATION
- HOME EQUITY
- LOANS
- HOME RENOVATION
- WANT TO GET OUT OF CREDIT CARD DEBT

MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!

ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!! ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'

Increase Your Cash Flow by up to 50%

YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated



19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

## ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ

ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ। ਸੰਪਰਕ: ਅਜੈਬ ਸਹੋਤਾ

**4165618882, 4164544587**

## UK TRUCK TRAINING CENTRE

ukttc
PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

Forklift Training
Forklift $79 Recertification




ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

## BEST CANADIAN TRUCK & FORKLIFT TRAINING CENTRE

Best Canadian Truck & Forklift Training Centre
Registered as a Private Career College Under the Private Career College Act. 2005







- AZ Tractor trailer program
- Manual transmission & backup training everyday
- We welcome welfare workers & compensation clients

Open Seven Days

Forklift Re-Certification Only $79.00/-



Karnail Singh

416.670.3173 | 905.799.7333
27 Edvac Dr, Brampton, ON L6S 5X8

# ਗ੍ਰੀਨ ਦੀਵਾਲੀ: ਪ੍ਰਦੂਸ਼ਣ ਰਹਿਤ ਦੀਵਾਲੀ ਕਿਵੇਂ ਮਨਾਈਏ




ਰੋਸ਼ਨੀ ਦਾ ਤਿਉਹਾਰ ਨੇੜੇ ਹੈ ਅਤੇ ਅਸੀਂ ਤੁਹਾਡੇ ਲਈ ਹਰਿਆ ਭਰਿਆ ਹੋਣ ਅਤੇ ਹਮੇਸ਼ਾ ਵਾਂਗ ਬੇਮਿਸਾਲ ਤਿਉਹਾਰ ਮਨਾਉਣ ਲਈ ਸਭ ਤੋਂ ਵਧੀਆ ਵਿਚਾਰਾਂ ਨੂੰ ਚੁਣਿਆ ਹੈ!

ਹਰੀ ਦੀਵਾਲੀ ਸੁਰੱਖਿਅਤ ਦੀਵਾਲੀ: ਪ੍ਰਦੂਸ਼ਣ ਅਤੇ ਗਲੋਬਲ ਵਾਰਮਿੰਗ ਵੱਡੇ ਪੱਧਰ 'ਤੇ ਵਧਣ ਦੇ ਨਾਲ, ਬਹੁਤ ਸਾਰੇ ਲੋਕਾਂ ਨੇ ਇਸ ਸਾਲ ਹਰੀ ਦੀਵਾਲੀ ਲਈ ਆਪਣੀ ਮੁਹਿੰਮ ਤੇਜ਼ ਕਰ ਦਿੱਤੀ ਹੈ। ਕਰੋਨਾਵਾਇਰਸ ਮਹਾਂਮਾਰੀ ਦੇ ਦੌਰਾਨ, ਬਹੁਤ ਸਾਰੇ ਲੋਕਾਂ ਨੇ ਪਟਾਕਿਆਂ, ਥਰਮੋਕੋਲ ਪਲੇਟਾਂ ਦੀ ਵਰਤੋਂ ਅਤੇ ਮਠਿਆਈਆਂ ਲਈ ਪਲਾਸਟਿਕ ਦੇ ਡੱਬਿਆਂ ਦੇ ਕਾਰਨ ਵਾਤਾਵਰਣ ਦੇ ਖਤਰਿਆਂ ਵੱਲ ਇਸ਼ਾਰਾ ਕੀਤਾ ਹੈ।

ਗ੍ਰੀਨ ਦੀਵਾਲੀ ਪਿਛਲੇ ਕੁਝ ਸਾਲਾਂ ਤੋਂ ਸੁਰਖੀਆਂ ਬਣ ਰਹੀ ਹੈ, ਇਸ ਲਈ ਇਸ ਸਾਲ ਇਸ ਤਿਉਹਾਰ ਨੂੰ ਹਰੀ ਪਟਾਕਿਆਂ ਨਾਲ ਵਾਤਾਵਰਣ ਪੱਖੀ ਬਣਾਉਣ ਦਾ ਸੰਕਲਪ ਲਿਆ ਗਿਆ ਹੈ ਤਾਂ ਜੋ ਸਿਹਤ ਦੇ ਖਤਰੇ ਅਤੇ ਵਾਤਾਵਰਣ ਪ੍ਰਦੂਸ਼ਣ ਨੂੰ ਘੱਟ ਕੀਤਾ ਜਾ ਸਕੇ।

ਵਾਤਾਵਰਣ 'ਤੇ ਨਜ਼ਰ ਰੱਖਦੇ ਹੋਏ, ਅਸੀਂ ਤੁਹਾਡੇ ਲਈ ਇਸ ਸਾਲ ਦੀ ਦੀਵਾਲੀ ਮਨਾਉਣ ਦੇ ਪੰਜ ਨਵੀਨਤਾਕਾਰੀ ਅਤੇ ਮਜ਼ੇਦਾਰ ਤਰੀਕੇ ਲੈ ਕੇ ਆਏ ਹਾਂ:

*1. ਹਰੇ ਪਟਾਕੇ :* ਗ੍ਰੀਨ ਪਟਾਕੇ ਈਕੋ-ਫ੍ਰੈਂਡਲੀ ਪਟਾਕੇ ਹਨ ਅਤੇ ਵਾਤਾਵਰਣ ਲਈ ਸੁਰੱਖਿਅਤ ਹਨ। ਆਓ ਅਸੀਂ ਜ਼ੰਿਮੇਵਾਰ ਬਣੀਏ ਅਤੇ ਇਸ ਦੀਵਾਲੀ 'ਤੇ ਹਰੇ ਪਟਾਕਿਆਂ ਦੀ ਵਰਤੋਂ ਕਰੀਏ। ਪਟਾਕਿਆਂ ਦੇ ਧੂੰਏਂ ਦਾ ਉਨ੍ਹਾਂ ਕੋਰੋਨਾਵਾਇਰਸ ਮਰੀਜ਼ਾਂ 'ਤੇ ਨੁਕਸਾਨਦੇਹ ਪ੍ਰਭਾਵ ਹੋ ਸਕਦਾ ਹੈ ਜਿਨ੍ਹਾਂ ਨੂੰ ਸਾਹ ਅਤੇ ਫੇਫੜਿਆਂ ਦੀਆਂ ਸਮੱਸਿਆਵਾਂ ਹਨ। ਇਸ ਸਾਲ ਦੀ ਦੀਵਾਲੀ ਹਰੇ ਪਟਾਕਿਆਂ ਨਾਲ ਮਨਾਉਣ ਦਾ ਪ੍ਰਣ ਕਰੋ।

*2. ਮਿੱਟੀ ਦੇ ਦੀਵੇ/ਵਾਤਾਵਰਣ-ਅਨੁਕੂਲ ਮੋਮਬੱਤੀਆਂ:* ਦੀਵਾਲੀ ਵਿੱਚ ਮੁੱਖ ਆਕਰਸ਼ਣ ਤੁਹਾਡੇ ਘਰ ਨੂੰ ਲਾਈਟਾਂ ਅਤੇ ਦੀਵਿਆਂ ਨਾਲ ਸਜਾਉਣਾ ਹੈ। ਐਲਈਡੀ ਲਾਈਟਾਂ ਜਾਂ ਪਲਾਸਟਿਕ ਦੇ ਲੈਂਪਾਂ ਨੂੰ ਨਾਂ ਕਹੋ ਜੋ ਬਾਜ਼ਾਰਾਂ ਵਿੱਚ ਆਸਾਨੀ ਨਾਲ ਉਪਲਬਧ ਹਨ ਅਤੇ ਮਿੱਟੀ ਦੇ ਦੀਵੇ ਖਰੀਦੋ। ਜੇਕਰ ਤੁਸੀਂ ਪ੍ਰਦੂਸ਼ਣ-ਮੁਕਤ ਅਤੇ ਵਾਤਾਵਰਣ-ਅਨੁਕੂਲ ਦੀਵਾਲੀ ਮਨਾਉਣਾ ਚਾਹੁੰਦੇ ਹੋ ਤਾਂ ਮਿੱਟੀ ਦੇ ਦੀਵੇ ਤੁਹਾਡੇ ਸਭ ਤੋਂ ਚੰਗੇ ਦੋਸਤ ਹਨ। ਦੀਵੇ ਖਰੀਦ ਕੇ, ਤੁਸੀਂ ਮਿੱਟੀ ਦੇ ਦੀਆ ਬਣਾਉਣ ਅਤੇ ਵੇਚਣ ਵਾਲਿਆਂ ਦੀ ਵੀ ਮਦਦ ਕਰ ਰਹੇ ਹੋਵੋਗੇ।

*3. ਆਰਗੈਨਿਕ ਰੰਗੋਲੀ:* ਆਓ ਇਸ ਦੀਵਾਲੀ ਲਈ ਕੁਦਰਤੀ ਰੰਗਾਂ ਦੀ ਵਰਤੋਂ ਕਰਨ ਦੇ ਪੁਰਾਣੇ ਢੰਗ 'ਤੇ ਵਾਪਸ ਚੱਲੀਏ। ਇਸ ਤਿਉਹਾਰੀ ਸੀਜ਼ਨ ਲਈ, ਆਓ ਇਸਨੂੰ ਕੁਦਰਤੀ ਤੱਤਾਂ ਜਿਵੇਂ ਕਿ ਚਾਵਲ ਪਾਊਡਰ, ਲੌਂਗ/ਦਾਲਚੀਨੀ (ਭੂਰਾ), ਹਲਦੀ ਜਾਂ ਹਲਦੀ (ਪੀਲੀ), ਆਦਿ ਨਾਲ ਜੈਵਿਕ ਰੱਖਣ ਦੀ ਕੋਸ਼ਿਸ਼ ਕਰੀਏ। ਸਧਾਰਨ ਪਰ ਸ਼ਾਨਦਾਰ! ਫੁੱਲ 'ਗੋ ਗ੍ਰੀਨ ਦੀਵਾਲੀ' ਲਈ ਸਭ ਤੋਂ ਵਧੀਆ ਵਿਕਲਪ ਹਨ ਕਿਉਂਕਿ ਇਹ ਵਾਤਾਵਰਣ ਲਈ ਸੁਰੱਖਿਅਤ ਹਨ ਅਤੇ ਬਾਇਓ-ਡਿਗਰੇਡੇਬਲ ਹਨ।

*4. ਬੀਜ ਕਰੈਕਰ:* ਕੀ ਕਦੇ ਬੀਜ ਪਟਾਕਿਆਂ ਬਾਰੇ ਸੁਣਿਆ ਹੈ? ਖੈਰ, ਇਹ ਸਿਰਫ਼ ਪਟਾਕਿਆਂ ਲਈ ਇੱਕ ਵਿਕਲਪ ਹਨ। ਬੀਜ ਪਟਾਕੇ ਦੀਵਾਲੀ ਮਨਾਉਣ ਲਈ ਸੰਪੂਰਣ ਹੱਲ ਹਨ, ਖਾਸ ਤੌਰ 'ਤੇ ਮਹਾਂਮਾਰੀ ਦੇ ਦੌਰਾਨ ਜਦੋਂ ਉੱਚ ਪੱਧਰੀ ਪ੍ਰਦੂਸ਼ਕ ਕੋਵਿਡ -19 ਦੇ ਮਰੀਜ਼ਾਂ ਲਈ ਨੁਕਸਾਨਦੇਹ ਹੁੰਦੇ ਹਨ। ਸ਼ੋਰ ਅਤੇ ਹਵਾ ਪ੍ਰਦੂਸ਼ਣ ਬਾਰੇ ਚਿੰਤਤ, ਲੋਕਾਂ ਦੇ ਇੱਕ ਸਮੂਹ ਨੇ ਪਟਾਕਿਆਂ ਦੀ ਸਹੀ ਪ੍ਰਤੀਰੂਪ ਤਿਆਰ ਕੀਤੀ। ਇਹ ਬੀਜ ਪਟਾਕੇ ਇੱਕ ਪੌਦੇ ਵਿੱਚ ਫਟਦੇ ਹਨ। ਉਹ ਬਿਨਾਂ ਕਿਸੇ ਸਿਹਤ-ਖਤਰੇ ਦੇ ਹਨ।

*5. ਪਲਾਸਟਿਕ ਦੇ ਰੈਪਰਾਂ ਨੂੰ ਨਾਂਹ ਕਹੋ:* ਜੇਕਰ ਤੁਸੀਂ ਈਕੋ-ਫ੍ਰੈਂਡਲੀ ਦੀਵਾਲੀ ਦੀ ਚੋਣ ਕਰ ਰਹੇ ਹੋ, ਤਾਂ ਤੋਹਫ਼ਿਆਂ ਅਤੇ ਸਜਾਵਟ ਲਈ ਪਲਾਸਟਿਕ ਦੇ ਰੈਪਰਾਂ ਨੂੰ ਨਾਂਹ ਕਹੋ। ਤੋਹਫ਼ਿਆਂ ਨੂੰ ਪਲਾਸਟਿਕ ਦੇ ਪੈਕਟਾਂ ਵਿੱਚ ਲਪੇਟਣ ਦੀ ਬਜਾਏ, ਬਾਇਓ-ਡਿਗਰੇਡੇਬਲ ਬੈਗਾਂ ਦੀ ਵਰਤੋਂ ਕਰੋ ਜੋ ਕਿ ਪੂਰੀ ਤਰ੍ਹਾਂ ਕੰਪੋਸਟੇਬਲ ਹਨ। ਪਲਾਸਟਿਕ ਦੇ ਡੱਬੇ ਗੈਰ-ਬਾਇਓਡੀਗ੍ਰੇਡੇਬਲ ਰਹਿੰਦ-ਖੂੰਹਦ ਅਤੇ ਵਾਤਾਵਰਣ ਲਈ ਹਾਨੀਕਾਰਕ ਹਨ।

*-ਵਿਜੈ ਗਰਗ ਸਾਬਕਾ*
*ਪੀ.ਈ.ਐੱਸ.-1*
*ਸੇਵਾਮੁਕਤ ਪ੍ਰਿੰਸੀਪਲ*
*ਮਲੋਟ ਪੰਜਾਬ*

# ਜੀ-23 ਨਾਲ ਨਵੀਂ ਆਲ ਇੰਡੀਆਂ ਕਾਗਰਸ ਪਾਰਟੀ ਬਣ ਚੁਕੀ ਹੈ



ਸਾਡੇ ਮੁਲਕ ਵਿੱਚ ਸਭ ਤੋਂ ਪੁਰਾਣੀ ਰਾਜਸੀ ਪਾਰਟੀ ਅਗਰ ਕੋਈ ਹੈ ਤਾਂ ਉਹ ਆਲ ਇੰਡੀਆਂ ਕਾਂਗਰਸ ਕਮੈਟੀ ਹੈ ਅਤੇ ਇਹ ਅੱਜ ਇਤਨੀ ਪੁਰਾਣੀ ਹੋ ਗਈ ਹੈ ਕਿ ਲੋਕੀਂ ਇਸ ਪਾਰਟੀ ਦੀ ਹੋਂਦ ਹੀ ਭੁਲ ਗਏ ਹਨ ਅਤੇ ਕੁਝ ਅਰਸਾ ਪਹਿਲਾਂ ਇਸ ਪਾਰਟੀ ਦੇ ਕੁਝ ਬਹੁਤ ਹੀ ਸੀਨੀਅਰ ਅਤੇ ਪੁਰਾਣੇ ਮੈਂਬਰਾਂ ਨੇ ਇਹ ਵੀ ਆਖ ਦਿਤਾ ਸੀ ਕਿ ਇਹ ਪਾਰਟੀ ਖਾਨਦਾਨੀ ਕੰਪਨੀ ਜਿਹੀ ਬਣ ਗਈ ਹੈ ਅਤੇ ਆਪਣੀ ਰਾਜਸੀ ਹੋਂਦ ਗਵਾ ਬੈਠੀ ਹੈ। ਇਹ ਜਿਹੜੇ ਸੀਨੀਅਰ ਮੈਂਬਰ ਸਨ ਇੰਨ੍ਹਾਂ ਦੀ ਗਿਣਤੀ 23 ਸੀ ਅਤੇ ਇਸ ਕਰਕੇ ਇਸ ਲਹਿਰ ਦਾ ਨਾਮ ਅਖਬਾਰਾਂ ਵਾਲਿਆਂ ਨੇਜੀ 23 ਰਖ ਦਿਤਾ ਸੀ। ਇਤਨੀ ਵਡੀ ਗਿਣਤੀ ਵਿੱਚ ਸੀਨੀਅਰ ਮੇਂਬਰਾਂ ਦੇ ਹਸਤਾਖਰਾਂ ਵਾਲਾ ਇਹ ਵਾਲਾ ਪਰਚਾ ਅਜ ਵੀ ਪੁਰਾਣੀ ਕਾਗਰਸ ਦੇ ਹੈਡਕੁਆਟਰਾਂ ਵਿੱਚ ਮੋਜੂਦ ਹੈ ਅਤੇ ਹਾਲਾਂ ਤਕ ਇਸ ਪਰਚੇ ਉਤੇ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ।

ਇਹ ਸੀਨੀਅਰ ਮੈਂਬਰ ਇਹ ਆਖ ਰਹੇ ਸਨ ਕਿ ਇਹ ਪਾਰਟੀ ਹੁਣ ਇਕ ਹੀ ਖਾਨਦਾਨ ਦੀ ਕੰਪਨੀ ਨਹੀਂ ਬਣਨੀ ਚਾਹੀਦੀ ਬਲਕਿ ਇਹ ਜੰਤਕ ਰਵੇ ਅਤੇ ਇਸਦਾ ਪ੍ਰਧਾਨ ਅਤੇ ਕਾਰਜਕਾਰਨੀ ਦੇ ਮੈਂਬਰਾਂ ਦੀ ਬਾਕਾਇਦਾ ਪਰਜਾਤੰਤਰੀ ਢੰਗ ਨਾਲ ਚੋਣ ਕੀਤੀ ਜਾਇਆ ਕਰੇ। ਪਰ ਇਹ ਗਲ ਹਾਲਾਂ ਤਕ ਵਿਚਾਰ ਅਧੀਨ ਹੀ ਹੈ ਅਤੇ ਹਾਲਾਂ ਵੀ ਪਾਰਟੀ ਦੀ ਕਮਾਨ ਉਸੇ ਖਾਨਦਾਨ ਦੇ ਹਥ ਵਿੱਚ ਹੈ।

ਇਹ ਜਿਹੜੇ ਪੰਜਾਬ ਵਿੱਚ ਧਮਾਕੇ ਹੋਏ ਹਨ ਅਤੇ ਪੰਜਾਬ ਦੇ ਮੁਖ ਮੰਤਰੀ ਨੂੰ ਅਸਤੀਫਾ ਦੇਣਾ ਪਿਆ ਹੈ ਇਸ ਪਿਛੇ ਵੀ ਜੀ 23 ਹੀ ਹੈ ਅਤੇ ਅਜ ਇਹ ਜਿਹੜੀ ਵੀ ਨਵੀਂ ਪਾਰਟੀ ਬਣਾਉਣ ਦੀਆ ਗਲਾਂ ਕੈਪਟਨ ਸਾਹਿਬ ਕਰ ਰਹੇ ਹਨ ਇਹ ਕੋਈ ਹੋਰ ਪਾਰਟੀ ਨਹੀਂ ਹੈ ਬਲਕਿ ਇਹ ਪਾਰਟੀ ਵੀ ਆਲ ਇੰਡੀਆਂ ਕਾਂਗਰਸ ਪਾਰਟੀ ਜੀ 23 ਹੀ ਬਣੇਗੀ ਅਤੇ ਇਹ ਵੀ ਸਾਫ ਹੋ ਗਿਆ ਹੈ ਕਿ ਜਿਹੜੀ ਇਹ ਪਹਿਲੀ ਪਾਰਟੀ ਕਿਸੇ ਖਾਨਦਾਨ ਪਾਸ ਹੈ ਉਹ ਵੀ ਬਣੀ ਰਵੇਗੀ ਅਤੇ ਕੋਣ ਕੋਣਉਸੇ ਪੁਰਾਣੀ ਕਾਂਗਰਸ ਵਿੱਚ ਰਹਿੰਦਾ ਹੈ ਅਤੇ ਕੋਣ ਕੋਣਨਵੀਂ ਪਾਰਟੀ ਵਿੱਚ ਆ ਜਾਂਦਾ ਹੈ ਇਹ ਸਾਰੀਆਂ ਕਲ ਦੀਆਂ ਗਲਾਂ ਹਨ ਅਤੇ ਸਾਡੇ ਸਾਹਮਣੇ ਹੀ ਹੋ ਜਾਣੀਆਂ ਹਨ। ਸਾਨੂੰ ਇਹ ਵੀ ਪਤਾ ਪਿਆ ਲਗਦਾ ਹੈ ਕਿ ਇਹ ਜਿਹੜੀ ਵੀ ਨਵੀਂ ਕਾਂਗਰਸ ਪਾਰਟੀ ਬਣਨ ਜਾ ਰਹੀ ਹੈ ਇਦਾ ਨਾਮ ਵੀ ਲਗਦਾ ਐ ਆਲ ਇੰਡੀਆਂ ਕਾਂਗਰਸ ਪਾਰਟੀ ਜੀ 23 ਹੀ ਰਖਿਆ ਜਾ ਸਕਦਾ ਹੈ ਕਿਉਂਕਿ ਹਾਲ ਦੀ ਘੜੀ ਇਹ ਜਿਹੜਾ ਵੀ ਨਾਮ ਕਾਂਗਰਸ ਦਾ ਬਣਿਆ ਪਿਆ ਹੈ ਇਹ ਹਟਾਉਣਾ ਮੁਸ਼ਕਿਲ ਜਿਹੀ ਗਲ ਲਗਦੀ ਹੈ।

ਜੀ 23 ਵਾਲਾ ਪਰਚਾ ਆਇਆਂ ਕਾਫੀ ਅਰਸਾ ਹੋ ਗਿਆ ਸੀ ਅਤੇ ਇਸ ਲਈ ਇਹ ਕੈਪਟਨ ਅਮਰਿੰਦਰ ਸਿੰਘ ਜੀ ਨੇ ਇਹ ਵਾਲਾ ਸਿਲਸਿਲਾ ਅਗੇ ਵਧਾਉਣਦਾ ਹਮਲਾ ਮਾਰਿਆ ਲਗਦਾ ਹੈ ਅਤੇ ਇਹ ਵੀ ਸਾਫ ਦਿਖਾਈ ਦੇ ਰਿਹਾ ਹੈ ਕਿ ਇਹ ਸਿਰੇ ਵੀ ਲਗ ਜਾਵੇਗਾ। ਇਹ ਖਾਨਦਾਨੀ ਕਾਗਰਸ ਪਾਰਟੀ ਆਪਣੀ ਮਸ਼ਹੂਰੀ ਗਵਾ ਬੈਠੀ ਹੈ ਕਿਉਂਕਿ ਇਸ ਦਾ ਪ੍ਰਧਾਨ ਵੀ ਇਸਤੀਫਾ ਦੇ ਬੈਠਾ ਹੈ ਅਤੇ ਉਸਦੀ ਚੋਣਾਂ ਵਿੱਚ ਕਾਰਗੁਜ਼ਾਰੀ ਵੀ ਕੋਈ ਖਾਸ ਨਹੀਂ ਰਹੀ ਹੈ। ਸਾਡੀ ਪਾਰਲਮੈਂ ਦੀਆਂ ਚੋਣਾ ਲਈ ਕਾਫੀ ਸਮਾ ਪਿਵਆ ਹੈ। ਇਹ ਵੀ ਸਾਫ ਹੈ ਕਿ ਅਗਰ ਇਹ ਆਲ ਇੰਡੀਆਂ ਕਾਂਗਰਸ ਪਾਰਟੀ ਜੀ 23 ਆ ਜਾਂਦੀ ਹੈ ਤਾਂ ਇਹ ਇਸ ਸਮੇਂ ਵਿਚ ਆਪਣਾ ਅਸਥਾਨ ਬਣਾ ਲਵੇਗੀ। ਇਸ ਵਕਤ ਭਾਜਪਾ ਦੇ ਬਰਾਬਰ ਦੀ ਕੋਈ ਵੀ ਰਾਜਸੀ ਪਾਰਟੀ ਨਹੀਂ ਹੈ ਅਤੇ ਇਹ ਅਗਰ ਨਵੀਂ ਕਾਂਗਰਸ ਪਾਰਟੀ ਆ ਜਾਂਦੀ ਹੈ ਤਾਂ ਹੋ ਸਕਦਾ ਹੈ ਇਹ ਪਾਰਟੀ ਭਾਜਪਾ ਸਾਹਮਣੇ ਖੜੀ ਕੀਤੀ ਜਾ ਸਕੇ। ਇਹ ਭਾਜਪਾ ਕੋਈ ਬਹੁਤੀ ਮਸ਼ਹੂਰੀ ਪ੍ਰਾਪਤਾ ਨਹੀਂ ਕਰ ਪਾਈ ਹੈ ਅਤੇ ਇਹ ਨੋਟਬੰਦੀ ਅਤੈ ਇਹ ਖੇਤੀ ਕਾਨੂੰਨਾਂ ਕਰਕੇ ਇਸ ਪਾਰਟੀ ਦਾ ਜਿਹੜਾ ਵੀ ਅਸਥਾਨ ਬਣ ਆਇਆ ਸੀ ਉਹ ਧੁੰਦਲਾ ਜਿਹਾ ਹੋ ਗਿਆ ਹੈ ਅਤੇ ਇਸ ਲਈ ਵੀ ਕਾਂਗਰਸ ਵਰਗੀ ਕੋਈ ਪਾਰਟੀ ਸਾਡੇ ਸਾਹਮਣੇ ਹੋਣੀ ਚਾਹੀਦੀ ਹੈ। ਅਸੀਂ ਇਸ ਮੁਲਕ ਵਿੱਚ ਵੋਟਾਂ ਰਾਹੀ ਹੀ ਰਾਜ ਬਦਲ ਸਕਦੇ ਹਾਂ ਅਤੇ ਵੋਟਾ ਸਿਰ ਉਤੇ ਆ ਗਈਆਂ ਹਨ ਅਤੇ ਇਸ ਵਕਤ ਜਿਹੜੇ ਵੀ ਪ੍ਰਧਾਨ ਮੰਤਰੀਆਂ ਦੀ ਸੂਚੀ ਸਾਡੇ ਸਾਹਮਣੇ ਹੈ ਉਹ ਦੇਖਕੇ ਇਹ ਵੀ ਰਾਏ ਬਣਦੀ ਆ ਰਹੀ ਹੈ ਕਿ ਅਗਲੀਆਂ ਚੋਣਾਂ ਟਾਲ ਹੀ ਦਿਤੀਆਂ ਜਾਣ ਅਤੇ ਅਗਰ ਇਹ ਨਵੀਂ ਕਾਗਰਸ ਪਾਰਟੀ ਹੋਂਦ ਵਿੱਚ ਆ ਜਾਂਦੀ ਹੈ ਤਾਂਲਗਦਾ ਹੈ ਇਹ ਵਾਰੀਂ ਦੀਆਂ ਚੋਣਾ ਕੋਈ ਨਵਾਂ ਹੀ ਰੰਗ ਦਿਖਾ ਸਕਦੀਆਂਹਨ। ਅਸੀਂ ਇਹ ਵੀ ਚਾਹਵਾਂਗੇ ਕਿ ਇਹ ਜਿਹੜੀ ਵੀ ਨਵੀਂ ਰਾਜਸੀ ਪਾਰਟੀ ਬਣਕੇ ਸਾਡੇ ਸਾਹਮਣੇ ਆ ਰਹੀ ਹੈ ਇਹ ਆਪਣੇ ਵਿਧਾਇਕਾਂ ਨੂੰ ਵੀ ਸਦਨ ਵਿੱਚ ਕੰਮ ਕਰਨ ਦੀ ਆਗਿਆ ਦੇਵੇਗੀ ਅਤੇ ਇਸ ਤਰ੍ਹਾਂ ਸਾਡੀ ਸਦਨ ਵੀ ਕੰਮ ਕਰਨ ਲਗ ਪਵੇਗੀ ਅਤੇ ਲੋਕਾਂ ਦੀਆਂ ਕਿਤਨੀਆ ਹੀ ਸਮਸਿਆਵਾਂ ਹਲ ਹੋ ਜਾਣਗੀਆਂ। ਪਿਛਲੀ ਪੋਣੀ ਸਦੀ ਵਿੱਚ ਇਕ ਹੀ ਆਦਮੀ ਰਾਜ ਕਰਦਾ ਰਿਹਾਹੈ ਅਤੇ ਇਹ ਇਕਪੁਰਖਾ ਰਾਜ ਅਜ ਦੇ ਸਮਿਆਂ ਵਿੱਚ ਜਦ ਅਸੀਂ ਪਰਜਾਤੰਤਰ ਵਿੱਚ ਆ ਗਏ ਹਾਂ ਸਦਨ ਵਿੱਚ ਵਿਧਾਇਕਾਂ ਨੂੰ ਗੁਲਾਮ ਬਣਾਕੇ ਰਖਣਾ ਸਹੀ ਕਦਮ ਲਹੀਂ ਹੈ। ਅਸੀਂ ਆਸਰਖਦੇ ਹਾਂ ਕਿ ਇਹ ਨਵੀਂ ਪਾਰਟੀ ਆਪਣੇ ਵਿਧਾਨ ਵਿੱਚ ਹੀ ਸਾਰੀਆਂ ਗਲਾਂ ਸਾਫ ਕਰ ਦੇਵੇਗੀ ਅਤੇ ਹਰ ਤਿੰਨਾਂ ਚੋਹਾਂ ਸਾਲਾਂ ਬਾਅਦ ਬਾਕਾਇਦਾ ਪਾਰਟੀ ਦਾ ਪ੍ਰਧਾਨ ਅਤੇ ਹੋਰ ਕਾਰਜਕਾਰਨੀ ਕਮੈਟੀਦੇ ਮੈਂਬਰ ਬਦਲਦੇ ਰਹਿਣਗੇ। ਇਹ ਨਵੀਂ ਪਾਰਟੀ ਬਾਕਾਇਦਾ ਮਾਹਿਰਾਂ ਪਾਸੋਂ ਸਕੀਮਾ ਬਣਵਾਏਗੀ ਅਤੇ ਸਦਨ ਵਿ5ੱਚ ਪਾਸ ਕਰਕੇ ਬਾਕਾਇਦਾ ਇਸ ਮੁਲਕ ਦੇ ਲੋਕਾਂ ਦੀਆਂ ਬਣੀਆਂ ਪਈਆਂ ਸਮਸਿਆਵਾਂ ਹਲ ਕਰੇਗੀ।

*-ਦਲੀਪ ਸਿੰਘ ਵਾਸਨ*
*ਐਡਵੋਕੇਟ*
*101-ਸੀ ਵਿਕਾਸ ਕਲੋਨੀ,*
*ਪਟਿਆਲਾ, 147001*

# ਸੋਸ਼ਲ ਮੀਡੀਆ- ਸ਼ਹਿਦ ਜਾਂ ਜ਼ਹਿਰ!



ਸੋਸ਼ਲ ਮੀਡੀਆ, ਥੋੜੇ ਸਮੇਂ ਚ ਈ ਭਾਰਤ ਵਰਗੇ ਪਿਛੜੇ ਦੇਸ਼ ਚ, ਤੂਫਾਨ ਦੀ ਗਤੀ ਨਾਲ ਆਈ, ਇੰਟਰਨੈੱਟ ਕ੍ਰਾਂਤੀ ਰਾਹੀਂ, ਇੰਨਾਂ ਤਾਕਤਵਰ ਹੋ ਗਿਆ ਏ ਕਿ ਚੰਗੇ ਭਲੇ ਵਿਕਸਿਤ ਮੁਲਕਾਂ ਨੂੰ ਹੈਰਾਨ ਕਰ ਦਿੱਤਾ ਏ। ਪਹੁੰਚ ਦੇਖੋ, ਅੱਜਕਲ੍ਹ ਮੰਤਰੀਆਂ, ਪਾਰਟੀ ਪ੍ਰਧਾਨਾਂ ਦੇ ਅਸਤੀਫੇ ਤੋਂ ਲੈ ਕੇ, ਪਿੰਡ ਚ ਟੂਟੀ ਕਿੰਨੇ ਵਜੇ ਆਉਣੀ ਏ, ਸੋਸ਼ਲ ਮੀਡੀਆ ਈ ਦੱਸ ਰਿਹਾ ਏ। ਸੋਸ਼ਲ ਮੀਡੀਆ ਨੇਂ, ਇਸ ਵਿਸ਼ਾਲ ਦੁਨੀਆ ਨੂੰ ਛੋਟਾ ਬਣਾਕੇ, ਹਰੇਕ ਦੀ ਪਹੁੰਚ ਚ ਲੈ ਆਂਦਾ ਏ। ਮੀਡੀਆ ਤੇ ਆਮ ਈ, ਜਿੱਥੇ ਕਿਸੇ ਖਾਸ ਰਾਜਨੀਤਕ ਜਾਂ ਧਾਰਮਿਕ ਪੱਖ ਵੱਲ ਝੁਕਾਅ ਦੇ ਆਰੋਪ ਲੱਗਦੇ ਰਹਿੰਦੇ ਨੇਂ, ਉੱਥੇ ਈ ਖਬਰਾਂ ਦੇ ਖੇਤਰ ਵਿੱਚ, ਅੱਜ ਸੋਸ਼ਲ ਮੀਡੀਆ ਸਭ ਤੋਂ ਤਾਕਤਵਰ ਹਥਿਆਰ ਬਣ ਚੁੱਕਾ ਏ। ਸਿੱਖਿਆ, ਵਿਚਾਰ, ਸੂਚਨਾ, ਜਾਣਕਾਰੀਆਂ ਤੇ ਸਾਹਿਤ ਦਾ ਪ੍ਰਚਾਰ ਪ੍ਰਸਾਰ, ਸੋਸ਼ਲ ਮੀਡੀਆ ਰਾਹੀਂ, ਜਿਸ ਤੇਜੀ ਨਾਲ ਹਰੇਕ ਤੀਕ ਪੁੱਜਾ ਏ, ਉਹ ਅਦਭੁੱਤ ਏ। ਸੋਸ਼ਲ ਮੀਡੀਆ ਸਿਰਫ ਮਨੋਰੰਜਨ ਦਾ ਈ ਨ੍ਹੀਂ, ਲੱਖਾਂ ਲੋਕਾਂ ਦੇ ਰੁਜ਼ਗਾਰ ਦਾ ਵੀ ਸਾਧਨ ਏ, ਲੋਕਡੋਨ ਚ ਪੂਰੀ ਦੁਨੀਆ ਦੇ ਵਿਦਿਆਰਥੀਆਂ ਨੇਂ, ਸੋਸ਼ਲ ਮੀਡੀਆ ਰਾਹੀਂ ਜਿਸ ਤਰਾਂ ਆਪਣੀ ਪੜ੍ਹਾਈ ਜਾਰੀ ਰੱਖੀ, ਬਾਕਮਾਲ ਸੀ।

< ਭ੍ਰਿਸ਼ਟਾਚਾਰ ਨੂੰ ਠੱਲ ਪਾਉਣ ਤੇ ਧੱਕੇਸ਼ਾਹੀ ਵਿਰੁੱਧ ਲੋਕਲਹਿਰ ਬਣਾਉਣ ਚ ਸੋਸ਼ਲ ਮੀਡੀਆ ਨੇਂ ਪ੍ਰਭਾਵਸ਼ਾਲੀ ਭੂਮਿਕਾ ਨਿਭਾਉਂਦਿਆਂ ਵੱਡੇ-ਵੱਡੇ ਮਗਰਮੱਛਾਂ ਨੂੰ ਲਪੇਟੇ ਚ ਲਿਆ ਏ। ਅੱਜ ਸਾਡੇ ਦੇਸ਼ ਚ ਲਗਭਗ ਹਰੇਕ ਸਰਕਾਰੀ ਤੇ ਪ੍ਰਾਈਵੇਟ ਵਿਭਾਗ ਦਾ ਕੰਮਕਾਜ਼, ਸੋਸ਼ਲ ਮੀਡੀਆ ਦੇ ਬਿਨਾਂ ਚਲਾਉਣਾ ਸੰਭਵ ਈ ਨਹੀਂ ਏ। ਤੁਸੀਂ ਹੈਰਾਨ ਹੋ ਜਾਵੋਗੇ ਕਿ, ਸ਼ੁਰੂਆਤ ਚ ਜਿੰਨਾਂ ਫੇਸਬੁੱਕ ਤੇ ਵਟਸਐਪ ਵਰਗੇ ਸੋਸ਼ਲ ਮੀਡੀਆ ਪਲੇਟਫਾਰਮਾਂ ਤੇ ਸਰਕਾਰਾਂ ਨੇ ਸਰਕਾਰੀ ਮੁਲਾਜ਼ਮਾਂ ਨੂੰ ਸਰਕਾਰੀ ਘੰਟਿਆਂ ਚ ਵਰਤਣ ਲਈ ਸਖਤ ਕਾਰਵਾਈਆਂ ਤੱਕ ਕੀਤੀਆਂ ਸਨ, ਅੱਜ ਉਸੇ ਵਟਸਐਪ ਦੇ ਸਰਕਾਰੀ ਗਰੁੱਪਾਂ ਚ ਸਰਕਾਰੀ ਮੈਸੇਜ ਦਾ ਰਿਪਲਾਈ ਨਾਂ ਕਰਨ ਤੇ ਕਾਰਵਾਈਆਂ ਹੁੰਦੀਆਂ ਨੇਂ, ਨਾਲ ਹੀ ਵਿਭਾਗਾਂ ਦੇ ਫੇਸਬੁੱਕ ਪੇਜ਼ਾਂ ਨੂੰ ਲਾਈਕ ਕਰਵਾਉਣ ਹਿੱਤ ਵੱਡੇ ਪੱਧਰ ਤੇ ਮੁਹਿੰਮਾਂ ਚਲਾਈਆਂ ਜਾਂਦੀਆਂ ਨੇਂ।ਅੱਜ ਸੋਸ਼ਲ ਮੀਡੀਆ ਰਾਹੀਂ ਲੋਕੀਂ ਵੱਡੇ-ਵੱਡੇ ਵਪਾਰ, ਕਾਰੋਬਾਰ ਚਲਾ ਰਹੇ ਹਨ, ਉਥੇ ਹੀ ਇੰਸਟਾਗਰਾਮ ਵਰਗੇ ਪਲੇਟਫਾਰਮ ਤੇ ਨੌਜਵਾਨ ਵਰਗ ਪੇਜਾਂ ਰਾਹੀਂ, ਵਧੀਆ ਪੈਸੇ ਕਮਾ ਰਹੇ ਹਨ। ਸੋਸ਼ਲ ਮੀਡੀਆ ਤੇ ਖਾਸਕਰ ਯੂਟਿਊਬ ਰਾਹੀਂ ਅਣਗਿਣਤ ਛਿਪੀਆਂ ਹੋਈਆਂ ਪ੍ਰਤਿਭਾਵਾਂ, ਉਸ ਥਾਂ ਤੀਕਰ ਅੱਪੜ ਚੁਕੀਆਂ ਨੇਂ, ਜਿਸ ਦਾ ਉਹਨਾਂ ਸੁਪਨੇ ਚ ਵੀ ਅੰਦਾਜ਼ਾ ਨ੍ਹੀਂ ਲਾਇਆ ਹੋਣਾ।



ਅਸ਼ੋਕ ਸੋਨੀ,
ਹਿੰਦੀ ਅਧਿਆਪਕ
ਪਿੰਡ ਖੂਈ ਖੇੜਾ,
ਫਾਜ਼ਿਲਕਾ
9872705078

ਕੀ ਸੋਸ਼ਲ ਮੀਡੀਆ ਰਾਹੀਂ ਅਸੀਂ, ਸਿਰਫ ਪ੍ਰਗਤੀ ਹੀ ਕੀਤੀ ਏ, ਜੀ ਨਹੀਂ। ਸਾਡੇ ਦੇਸ਼ ਚ ਸੋਸ਼ਲ ਮੀਡੀਆ ਨੇਂ, ਸਭਿਆਚਾਰਕ, ਨੈਤਿਕ ਤੇ ਸਮਾਜਿਕ ਕਦਰਾਂ-ਕੀਮਤਾਂ ਦਾ ਵੱਡੇ ਪੱਧਰ ਤੇ ਘਾਣ ਕੀਤਾ ਏ। ਦੇਸ਼ ਵਿੱਚ ਅਫਵਾਹਾਂ ਰਾਹੀਂ, ਨਫਰਤ ਫੈਲਾਉਣ ਵਿੱਚ ਸਭ ਤੋਂ ਵੱਡਾ ਰੋਲ ਸੋਸ਼ਲ ਮੀਡੀਆ ਦਾ ਹੀ ਏ। ਆਪਣੇ ਸੌੜੇ ਹਿੱਤਾਂ ਲਈ ਦੇਸ਼ਵਿਰੋਧੀ ਤੇ ਸਮਾਜਵਿਰੋਧੀ ਲੋਕ, ਇਸਨੂੰ ਹਥਿਆਰ ਦੇ ਰੂਪ ਚ ਵਰਤਦੇ ਨੇਂ। ਖੁੰਭਾਂ ਦੀ ਤਰਾਂ ਪੈਦਾ ਹੋਏ ਵੈਬ-ਚੈਨਲ ਤੇ ਅਖੌਤੀ ਕੱਚੇ-ਪਿੱਲੇ ਪੱਤਰਕਾਰਾਂ ਰਾਹੀਂ ਬਿਨਾਂ ਸਿਰ ਪੈਰ ਦੀਆਂ ਝੂਠੀਆਂ ਖਬਰਾਂ ਦੀ ਹਨੇਰੀ, ਸਿਰਫ ਆਪਣਾ ਪ੍ਰੋਪੇਗੰਡਾ ਸੈਟ ਕਰਨ ਜਾਂ ਸਨਸਨੀ ਫੈਲਾ ਕੇ ਲਾਈਕ, ਸ਼ੇਅਰ ਪ੍ਰਾਪਤ ਕਰਨ ਲਈ ਚੱਲ ਰਹੀ ਏ, ਜਿਸਨੇ ਮੁਲਕ ਦੀ ਫਿਜ਼ਾ ਚ ਇਕ ਬੇਭਰੋਸਗੀ ਦੇ ਮਾਹੌਲ ਦੀ ਸਿਰਜਣਾ ਕਰ ਦਿੱਤੀ ਏ। ਵਿਡੰਬਨਾ ਏ ਹੈ ਕਿ ਅੱਜ, ਸੱਚ ਲੋਕਾਂ ਤੀਕ ਅਪੜਨ ਤੋਂ ਪਹਿਲਾਂ ਈ, ਝੂਠ ਦੇ ਜਾਲ ਚ ਫੱਸ ਅਕਸਰ ਦਮ ਤੋੜ ਜਾਂਦਾ ਏ।

ਸੋਸ਼ਲ ਮੀਡੀਆ, ਪੋਰਨੋਗਰਾਫੀ ਤੇ ਰੋਕ ਲਾਉਣ ਦੀਆਂ ਸਰਕਾਰ ਦੀ ਕੋਸ਼ਿਸ਼ਾਂ ਦੀ ਰਾਹ ਚ ਵੱਡਾ ਰੋੜਾ ਏ, ਇਸ ਪਲੇਟਫਾਰਮ ਕਾਰਨ ਛੋਟੀ ਉਮਰ ਦੇ ਬੱਚੇ ਜਿੱਥੇ ਅਸ਼ਲੀਲ ਸੱਮਗਰੀ ਦੇ ਕੋਝੇ ਚੱਕਰਵਿਊ ਚ ਫੱਸ ਜਾਂਦੇ ਨੇਂ, ਉਥੇ ਹੀ ਸਾਡੀਆਂ ਧੀਆਂ-ਭੈਣਾਂ ਦੀਆਂ, ਏਡਿਟ ਕੀਤੀਆਂ ਤਸਵੀਰਾਂ-ਵੀਡੀਓ ਵਾਇਰਲ ਹੋਣ ਨਾਲ, ਕਿੰਨੇ ਹੀ ਲੋਕ ਬਦਨਾਮੀ ਕਾਰਨ, ਆਤਮਹੱਤਿਆ ਵਰਗੇ ਕਦਮ ਚੁੱਕ ਰਹੇ ਹਨ। ਸੋਸ਼ਲ ਮੀਡੀਆ ਤੇ ਸਾਡੇ ਫੋਨ ਰਾਹੀਂ ਨਿੱਜੀ ਜਾਣਕਾਰੀਆਂ ਚੋਰੀ ਕਰਨ ਦੇ ਵੱਡੇ ਪੱਧਰ ਤੇ ਇਲਜ਼ਾਮ ਲੱਗ ਰਹੇ ਹਨ, ਪਿੱਛੇ ਜਿਹੇ ਸਰਕਾਰ ਨਾਲ ਇਸੇ ਸੰਬੰਧੀ ਵੱਡਾ ਵਿਵਾਦ ਵੀ, ਲੰਮਾ ਸਮਾਂ ਜਾਰੀ ਰਿਹਾ ਸੀ। ਬਾਕੀ ਪੈਸੇ ਨਾਲ ਖਰੀਦੇ ਝੂਠੇ ਲਾਈਕ-ਵਿਊ ਦੇ ਵਿਵਾਦ ਵੀ ਜਗਜਾਹਰ ਹੀ ਨੇਂ। ਅੱਜਕੱਲ੍ਹ ਵੱਡੇ ਪੱਧਰ ਤੇ ਜਿੱਥੇ, ਸੋਸ਼ਲ ਮੀਡੀਆ ਰਾਹੀ ਸਾਈਬਰ ਠੱਗੀਆਂ ਤੇ ਬਲੈਕਮੇਲਿੰਗ ਕਰਨ ਵਾਲੇ ਗਿਰੋਹ ਵੀ ਸਰਗਰਮ ਨੇਂ, ਉੱਥੇ ਹੀ ਜਾਲੀ ਆਈ ਡੀ ਰਾਹੀਂ ਕਿੰਨੇ ਈ ਲੋਕਾਂ ਨੂੰ ਰਗੜਾ ਲੱਗ ਚੁੱਕਾ ਏ, ਸੋਸ਼ਲ ਮੀਡੀਆ ਤੇ ਫੋਨ ਕਾਲ ਰਿਕਾਰਡ ਦੀ ਪੇਚੀਦਗੀ ਕਾਰਨ, ਅਪਰਾਧਿਕ ਗਤੀਵਿਧੀਆਂ ਨੂੰ ਹੱਲ ਕਰਨ ਚ ਪੁਲਿਸ ਵੀ ਕਈ ਵਾਰ ਨਾਕਾਮ ਹੋ ਜਾਂਦੀ ਏ।

ਸੋਸ਼ਲ ਮੀਡੀਆ ਕਾਰਨ, ਹਰ ਕੋਈ ਈਗੋ ਦੀ ਬੀਮਾਰੀ ਤੋਂ ਇਸ ਤਰਾਂ ਗ੍ਰਸਤ ਏ ਕਿ ਜੇਕਰ ਕੋਈ ਵੀ ਸਾਥੀ, ਤੁਹਾਡੀ ਗੱਲ ਸੋਸ਼ਲ ਮੀਡੀਆ ਤੇ ਕੱਟਦਾ ਏ ਤਾਂ ਸਿਰਫ ਆਪਣੇ-ਆਪ ਨੂੰ ਜਿਆਦਾ ਸਿਆਣਾ ਸਾਬੂਤ ਕਰਨ ਹਿੱਤ ਤੁਸੀਂ, ਬਹਿਸ ਜਿੱਤਣ ਲਈ ਪੂਰੀ ਵਾਹ ਲਾ, ਹਾਲਾਂਕਿ ਬਹਿਸ ਤਾਂ ਤੁਸੀਂ ਭਾਵੇਂ ਜਿੱਤ ਜਾਂਦੇ ਓ ਪਰ ਉਸ ਸਾਥੀ ਨੂੰ ਹਮੇਸ਼ਾ ਲਈ ਗਵਾ ਦਿੰਦੇ ਓ। ਹਾਲਾਤ ਇਹ ਨੇਂ ਕਿ ਸੋਸ਼ਲ ਮੀਡੀਆ ਦੇ ਝਗੜੇ, ਅਕਸਰ ਡਾਂਗਾ-ਤਲਵਾਰਾਂ, ਥਾਣਿਆਂ ਤੇ ਅਦਾਲਤਾਂ ਤੀਕ ਅੱਪੜ ਜਾਂਦੇ ਨੇਂ, ਜਿੰਨਾਂ ਵਿੱਚ ਆਮ ਲੋਕ ਈ ਨਹੀਂ, ਬਹੁਤ ਵੱਡੀਆਂ ਹਸਤੀਆਂ ਵੀ ਸ਼ਾਮਲ ਨੇਂ। ਸਾਡੇ ਵਿੱਚੋਂ ਜਿਆਦਾਤਰ ਲੋਕ, ਸੋਸ਼ਲ ਮੀਡੀਆ ਰੂਪੀ ਨਸ਼ੇ ਦੀ ਲਗਾਤਾਰ, ਹੱਦੋਂ ਵੱਧ ਵਰਤੋਂ ਕਰਕੇ, ਅਮਲੀ ਬਣ ਚੁੱਕੇ ਨੇਂ। ਹਾਲਾਤ ਇਹ ਨੇਂ ਕਿ ਅੱਜ ਮੇਰੇ ਵਰਗੇ ਸਿਰੇ ਦੇ ਵਿਹਲੇ ਬੰਦੇ ਵੀ, ਸੋਸ਼ਲ ਮੀਡੀਆ ਰਾਹੀਂ ਇੰਨੇ ਕੁ ਵਿਅਸਤ ਨੇਂ ਕਿ ਖੇਤ ਪੱਠੇ ਲੈਣ ਜਾਂਦੇ, ਚੱਲਦੇ ਮੋਟਰਸਾਇਕਲਾਂ ਤੇ ਅਸੀਂ ਸਟੇਟਸ ਅਪਡੇਟ ਕਰਦੇ ਰਹਿੰਦੇ ਆਂ। ਪਰਿਵਾਰ ਦੇ ਮੈਂਬਰਾਂ ਚ ਇਸ ਲਤ ਕਾਰਨ ਆਪਸੀ ਦੂਰੀ ਲਗਾਤਾਰ ਵੱਧਦੀ ਈ ਜਾ ਰਹੀ ਏ।

ਇਸ ਸਾਰੀ ਚਰਚਾ ਤੋ ਬਾਅਦ ਕੀ ਆਪਾਂ ਨੂੰ, ਸੋਸ਼ਲ ਮੀਡੀਆ ਦੀ ਵਰਤੋਂ ਬੰਦ ਈ ਕਰ ਦੇਣੀ ਚਾਹੀਦੀ ਏ, ਜੀ ਨਹੀਂ, ਦੁਨੀਆ ਦੇ ਨਾਲ ਚੱਲਣ ਲਈ, ਇਹ ਇਸ ਸਮੇਂ ਦਾ ਸਭ ਤੋਂ ਮਹੱਤਵਪੂਰਨ ਸਾਧਨ ਹੈ ਪਰ ਇਸ ਖਤਰਨਾਕ ਹਥਿਆਰ ਦੀ ਹੱਦੋਂ ਵੱਧ, ਅਨੈਤਿਕ ਤੇ ਲਾਪਰਵਾਹੀ ਨਾਲ ਕੀਤੀਂ ਵਰਤੋਂ, ਬਹੁਤ ਈ ਖਤਰਨਾਕ ਸਿੱਧ ਹੋ ਸਕਦੀ ਏ। ਇਸ ਸੰਬੰਧੀ ਜਿੱਥੇ ਸਰਕਾਰ ਨੂੰ ਹੋਰ ਸਖਤ ਕਾਨੂੰਨ ਬਣਾਉਣ ਦੀ ਲੋੜ ਏ, ਉਥੇ ਹੀ ਸਾਨੂੰ ਵੀ ਆਪਣੇ ਵਿਵੇਕ ਤੇ ਸਾਵਧਾਨੀ ਨਾਲ, ਇਸ ਅਦੁੱਤੀ ਦਾਤ ਦੀ ਸੁਚੱਜੀ ਵਰਤੋਂ ਕਰਨੀ ਚਾਹੀਦੀ ਏ। ਜਿੱਥੇ ਸਿਆਣੇ ਹੱਥਾਂ ਚ ਆਈ ਸੱਪ ਦੀ ਜ਼ਹਿਰ ਵੀ ਦਵਾਈ ਚ ਬਦਲ ਜਾਂਦੀ ਏ, ਉੱਥੇ ਈ ਮੂਰਖ ਸ਼ਹਿਦ ਨਾਲ ਵੀ ਫਾਇਦੇ ਨਹੀਂ ਲੈ ਸਕਦੇ, ਸੋ ਆਓ, ਅੱਜ ਤੋਂ ਈ ਸੋਸ਼ਲ ਮੀਡੀਆ ਦੀ ਸੀਮਤ ਤੇ ਨਿਯੰਤ੍ਰਿਤ ਵਰਤੋਂ ਦਾ ਪ੍ਰਣ ਲਈਏ।





# ਧਾਰਮਿਕ ਗ੍ਰੰਥਾਂ ਦੀ ਬੇਅਦਬੀ ਕਰਨ ਵਾਲਿਆਂ ਨੂੰ 10 ਸਾਲ ਸਜ਼ਾ ਦਾ ਕਾਨੂੰਨ ਜਲਦੀ ਬਣੇਗਾ: ਰੰਧਾਵਾ

*** ਬੇਅਦਬੀ ਮਾਮਲੇ ਵਿੱਚ ਰਾਮ ਰਹੀਮ ਤੋਂ ਪੁੱਛਗਿੱਛ ਲਈ ਟੀਮ ਤਿਆਰ**

ਤਰਨ ਤਾਰਨ, 1 ਨਵੰਬਰ (ਪੋਸਟ ਬਿਊਰੋ)- ਪੰਜਾਬ ਦੇ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਕੱਲ੍ਹ ਵਿਸ਼ੇਸ਼ ਦੌਰੇ ’ਤੇ ਤਰਨ ਤਾਰਨ ਪਹੁੰਚੇ ਤਾਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਵੀ ਹਰੇਕ ਧਾਰਮਿਕ ਗ੍ਰੰਥ ਦੀ ਬੇਅਦਬੀ ਕਰਨ ਵਾਲਿਆਂ ਦੇ ਖਿਲਾਫ ਕਾਂਗਰਸ ਸਰਕਾਰ ਸਖਤ ਕਾਨੂੰਨ ਲਿਆ ਰਹੀ ਹੈ, ਜਿਸ ਹੇਠ ਬੇਅਦਬੀ ਕਰਨ ਵਾਲਿਆਂ ਨੂੰ 10 ਸਾਲ ਸਖਤ ਸਜ਼ਾ ਭੁਗਤਣੀ ਪਵੇਗੀ। ਇਸ ਕਾਨੂੰਨ ਦਾਮਤਾ ਪਾਸ ਹੋਣ ਲਈ ਕੇਂਦਰ ਸਰਕਾਰ ਕੋਲ ਭੇਜਿਆ ਗਿਆ ਹੈ ਅਤੇ ਜਲਦੀ ਹੀ ਇਹ ਕਾਨੂੰਨ ਲਾਗੂ ਹੋਣ ਜਾ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸ੍ਰੀ ਗੁਟਕਾ ਸਾਹਿਬ ਦੀ



ਬੇਅਦਬੀ ਅਤੇ ਨਸ਼ੇ ਦੇ ਮਾਮਲੇ ਵਿੱਚ ਸੂਬਾ ਸਰਕਾਰ ਪੂਰੀ ਤਰ੍ਹਾਂ ਗੰਭੀਰ ਹੈ। ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਕੋਲੋਂ ਬਰਗਾੜੀ ਦੇ ਬੇਅਦਬੀ ਕਾਂਡ ਦੀ ਪੁੱਛਗਿੱਛ ਕਰਨ ਬਾਰੇ ਉਨ੍ਹਾਂ ਕਿਹਾ ਕਿ ਇਸ ਕੰਮ ਲਈ ਪੰਜਾਬ ਪੁਲਸ ਦੀ ਟੀਮ ਪੂਰੀ ਤਰ੍ਹਾਂ ਤਿਆਰ ਹੈ। ਇਨ੍ਹਾਂ ਕੇਸਾਂ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਏਗਾ ਤੇ ਇਸ ਕੇਸ ਵਿੱਚ ਕਿਸੇ ਵੀ ਵਿਅਕਤੀ ਨਾਲ ਧੱਕੇਸ਼ਾਹੀ ਨਹੀਂ ਹੋਵੇਗੀ। ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਤਰਨ ਤਾਰਨ ਦੇ ਕਾਂਗਰਸੀ ਵਿਧਾਇਕ ਡਾਕਟਰ ਧਰਮਬੀਰ ਅਗਨੀਹੋਤਰੀ ਦੇ ਕੈਂਪ ਆਫਿਸ ਵਿਖੇ ਗੱਲਬਾਤ ਕਰਦਿਆਂ ਕੇਂਦਰ ਦੀ ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਵਿੱਚ ਬੀ ਐਸ ਐਫ ਦਾ ਦਾਇਰਾ 15 ਕਿਲੋਮੀਟਰ ਤੋਂ ਪੰਜਾਹ ਕਿਲੋਮੀਟਰ ਕਰਨ ਦੇ ਹੁਕਮ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ।

# ਬਿਹਾਰ ਦੇ ਚਾਰ ਵਿਦਿਆਰਥੀਆਂ ਨੂੰ ਹੋਸਟਲ ਖਾਲੀ ਕਰਨ ਦੇ ਹੁਕਮ

*** ਸੀ ਸੀ ਟੀ ਵੀ ਫੁਟੇਜ ਵਿੱਚ ਡਾਂਗਾਂ ਲੈ ਕੇ ਘੁੰਮਦੇ ਨਜ਼ਰੀਂ ਪਏ**

ਬਠਿੰਡਾ, 1 ਨਵੰਬਰ (ਪੋਸਟ ਬਿਊਰੋ)- ਬਾਬਾ ਫਰੀਦ ਗਰੁੱਪ ਆਫ ਇੰਸਟੀਚਿਊਸ਼ਨਜ਼ ਨੇ ਹੋਸਟਲ ਵਿੱਚ ਲਾਠੀਆਂ ਲੈ ਕੇ ਘੁੰਮਣ ਵਾਲੇ ਚਾਰ ਵਿਦਿਆਰਥੀਆਂ ਨੂੰ ਹੋਸਟਲ ਖਾਲੀ ਕਰਨ ਦਾ ਨੋਟਿਸ ਦੇ ਦਿੱਤਾ ਹੈ।

ਇੰਟਰਨੈਟ ਮੀਡੀਆ ਉੱਤੇਕੇਸ ਦਾ ਇਹ ਪ੍ਰਚਾਰ ਕੀਤਾ ਗਿਆ ਹੈ ਕਿ ਇਨ੍ਹਾਂ ਵਿਦਿਆਰਥੀਆਂ ਨੂੰ ਹੋਸਟਲ ਖਾਲੀ ਕਰਨ ਲਈ ਇਸ ਕਰ ਕੇ ਕਿਹਾ ਗਿਆ ਹੈ ਕਿ ਉਨ੍ਹਾਂ ਨੇ ਉਨ੍ਹਾਂ ਕਸ਼ਮੀਰੀ ਵਿਦਿਆਰਥੀਆਂ ਦਾ ਵਿਰੋਧ ਕੀਤਾ ਸੀ, ਜਿਨ੍ਹਾਂ ਨੇ ਪਾਕਿਸਤਾਨ ਦੀ ਟੀਮ ਦੀ ਜਿੱਤ ਉੱਤੇ ਨਾਅਰੇ ਲਾਏ ਸਨ।ਇਸ ਸੰਵੇਦਨਸ਼ੀਲ ਕੇਸ ਬਾਰੇ ਇਸ ਕਾਲਜ ਦੇ ਚੇਅਰਮੈਨ ਗੁਰਮੀਤ ਸਿੰਘ ਧਾਲੀਵਾਲ ਨੇ ਇਸ ਗੱਲ ਨੂੰ ਸਿਰੇ ਤੋਂ ਰੱਦ ਕਰਦੇ ਹੋਏ ਕਿਹਾ ਕਿ ਇਨ੍ਹਾਂ ਵਿਦਿਆਰਥੀਆਂ ਨੂੰ ਹੋਸਟਲ ਖਾਲੀ ਕਰਨ ਨੂੰ ਇਸ ਲਈ ਕਿਹਾ ਗਿਆ ਹੈ ਕਿ ਸੀ ਸੀ ਟੀ ਵੀ ਫੁਟੇਜ ਵਿੱਚ ਇਹ ਵਿਦਿਆਰਥੀ ਹੋਸਟਲ ਵਿੱਚ ਲਾਠੀਆਂ ਲੈ ਕੇ ਘੁੰਮਦੇ ਹੋਏ ਨਜ਼ਰ ਆਏ ਸਨ।ਕਾਲਜ ਵਿੱਚ ਬੀ ਐਸ ਸੀ ਐਗਰੀਕਲਚਰ ਸੱਤਵੇਂ ਸਮੈਸਟਰ ਦੇ ਵਿਦਿਆਰਥੀ ਕੁਮਾਰ ਕਾਰਤਿਕੇ ਓਝਾ, ਬੀ ਸੀ ਏ ਫਸਟ ਸਮੈਸਟਰ ਦੇ ਆਯੂਸ਼




ਕੁਮਾਰ ਤਿਵਾੜੀ, ਬੀ ਸੀ ਏ ਫਸਟ ਸਮੈਸਟਰ ਦੇ ਉਜਵਲ ਪਾਂਡੇ ਅਤੇ ਬੀ ਬੀ ਏ ਤੀਸਰੇ ਸਮੈਸਟਰ ਦੇ ਆਯੂਸ਼ ਕੁਮਾਰ ਜੈਸਵਾਲ ਨੂੰ ਨੋਟਿਸ ਜਾਰੀ ਹੋਇਆ ਹੈ। ਇਹ ਚਾਰ ਵਿਦਿਆਰਥੀ ਬਿਹਾਰ ਦੇ ਵੱਖ-ਵੱਖ ਸ਼ਹਿਰਾਂ ਵਿੱਚੋਂ ਹਨ। ਉਨ੍ਹਾਂ ਦਾ ਦੋਸ਼ ਹੈ ਕਿ ਉਨ੍ਹਾਂ ਨੇ ਕੁਝ ਉਨ੍ਹਾਂ ਵਿਦਿਆਰਥੀਆਂ ਦਾ ਵਿਰੋਧ ਕੀਤਾ ਸੀ, ਜੋ ਪਾਕਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਾ ਰਹੇ ਸਨ, ਬਾਬਾ ਫਰੀਦ ਗਰੁੱਪ ਆਫ ਇੰਸਟੀਚਿਊਸ਼ਨਜ਼ ਨੇ ਉਲਟਾ ਉਨ੍ਹਾਂ ਉੱਤੇ ਹੀ ਕਾਰਵਾਈ ਕਰ ਦਿੱਤੀ। ਇਸ ਘਟਨਾ ਤੋਂ ਬਾਅਦ ਭਾਜਪਾ ਆਗੂ ਕਪਿਲ ਮਿਸ਼ਰਾ ਨੇ ਇੰਟਰਨੈਟ ਮੀਡੀਆ ਉੱਤੇਵੀ ਕੁੱਝ ਅਜਿਹੀ ਹੀ ਟਿਪਣੀ ਕੀਤੀ ਸੀ।

ਕਾਲਜ ਮੈਨੇਜਮੈਂਟ ਦਾ ਕਹਿਣਾ ਹੈ ਕਿ ਜਿਨ੍ਹਾਂ ਚਾਰ ਵਿਦਿਆਰਥੀਆਂ ਨੂੰ ਹੋਸਟਲ ਵਿੱਚੋਂ ਕੱਢਿਆ ਗਿਆ ਹੈ ਉਹ ਲਾਠੀਆਂ ਲੈ ਕੇ ਘੁੰਮਦੇ ਸਨ।ਇੰਸਟੀਚਿਊਸ਼ਨ ਦੇ ਚੇਅਰਮੈਨ ਗੁਰਮੀਤ ਸਿੰਘ ਧਾਲੀਵਾਲ ਨੇ ਕਿਹਾ ਕਿ ਕਾਲਜ ਦੀ ਸੀ ਸੀ ਟੀ ਵੀ ਫੁਟੇਜ ਵਿੱਚ ਕੁਝ ਨੌਜਵਾਨ ਲਾਠੀਆਂ ਲੈ ਕੇ ਘੁੰਮਦੇ ਦੇਖੇ ਗਏ। ਉਨ੍ਹਾਂ ਦੀ ਪਛਾਣ ਕਰ ਕੇ ਉਨ੍ਹਾਂ ਨੂੰ ਹੋਸਟਲ ਖਾਲੀ ਕਰਨ ਨੂੰ ਕਿਹਾ ਗਿਆ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਇਸ ਕੇਸ ਦੀ ਜਾਂਚ ਲਈ ਕਮੇਟੀ ਬਿਠਾਈ ਗਈ ਹੈ, ਪਰ ਹੈਰਾਨੀ ਦੀ ਗੱਲ ਇਹ ਹੈ ਕਿ ਇਸ ਮਾਮਲੇ ਨੂੰ ਇੰਟਰਨੈਟ ਉੱਤੇ ਗਲਤ ਰੰਗਤ ਦੇ ਕੇ ਪੇਸ਼ ਕੀਤਾ ਜਾ ਰਿਹਾ ਹੈ। ਕਾਲਜ ਵਿੱਚੋਂ ਕੱਢੇ ਗਏ ਵਿਦਿਆਰਥੀਆਂ ਦਾ ਕਹਿਣਾ ਹੈ ਕਿ ਚੌਵੀ ਅਕਤੂਬਰ ਨੂੰ ਭਾਰਤ-ਪਾਕਿ ਕ੍ਰਿਕਟ ਮੈਚ ਵਿੱਚ ਪਾਕਿਸਤਾਨੀ ਟੀਮ ਦੇ ਜਿੱਤ ਪਿੱਛੋਂ ਹੋਸਟਲ ਵਿਚਲੇ ਕੁਝ ਕਸ਼ਮੀਰੀ ਮੁੰਡਿਆਂ ਨੇ ਪਾਕਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਾਏ ਸਨ। ਜਦੋਂ ਉਨ੍ਹਾਂ ਨੇ ਇਸ ਦਾ ਵਿਰੋਧ ਕੀਤਾ ਤਾਂ ਉਨ੍ਹਾਂ ਨਾਲ ਮਾਰਕੁੱਟ ਕਰਨ ਦੀ ਕੋਸ਼ਿਸ਼ ਕੀਤੀ ਸੀ। ਜਦੋਂ ਉਨ੍ਹਾਂ ਨੇ ਹੋਸਟਲ ਵਾਰਡਨ ਤੋਂ ਉਕਤ ਵਿਦਿਆਰਥੀਆਂ ਖਿਲਾਫ ਕਾਰਵਾਈ ਕਰਨ ਦੀ ਮੰਗ ਕੀਤੀ ਤਾਂ ਹੋਸਟਲ ਵਾਰਡਨ ਨੇ ਉਨ੍ਹਾਂ ਉੱਤੇ ਭੰਨ ਤੋੜ ਕਰਨ ਦੇ ਦੋਸ਼ ਲਾਉਂਦੇ ਹੋਏ ਕਾਲਜ ਮੈਨੇਜਮੈਂਟ ਨੂੰ ਕਾਰਵਾਈ ਕਰਨ ਦੀ ਸਿਫਾਰਸ਼ ਕੀਤੀ।

# ਬੱਲੂਆਣਾ ਤੋਂ ਐਲਾਨਿਆ ਅਕਾਲੀ ਉਮੀਦਵਾਰ ਵਿਵਾਦਾਂ ਵਿੱਚ ਘਿਰਿਆ

*** ਨਸ਼ੀਲੇ ਪਦਾਰਥਾਂ ਅਤੇ ਡੇਰਾ ਸਿਰਸਾ ਨਾਲ ਸੰਬੰਧ ਰੱਖਣ ਦਾ ਦੋਸ਼**

ਮਲੋਟ, 1 ਨਵੰਬਰ (ਪੋਸਟ ਬਿਊਰੋ)- ਵਿਧਾਨ ਸਭਾ ਹਲਕਾ ਬੱਲੂਆਣਾ ਤੋਂ ਅਕਾਲੀ ਦਲ ਵੱਲੋਂ ਐਲਾਨੇ ਗਏ ਉਮੀਦਵਾਰ ਹਰਦੇਵ ਸਿੰਘ ਗੋਬਿੰਦਗੜ੍ਹ ਵਿਵਾਦਾਂ ਵਿੱਚ ਘਿਰ ਗਏ ਹਨ।

ਅਕਾਲੀ ਆਗੂ ਪ੍ਰਿਥੀ ਰਾਮ ਮੇਘਰਾਜ ਨੇ ਅਕਾਲੀ ਉਮੀਦਵਾਰ ਹਰਦੇਵ ਸਿੰਘ ਮੇਘ ਉੱਤੇ ਵੱਖ-ਵੱਖ ਧਾਰਾਵਾਂ ਦਾ ਕੇਸ ਦਰਜ ਹੋਣ ਅਤੇ ਡੇਰਾ ਪ੍ਰੇਮੀ ਹੋਣ ਦਾ ਦਾਅਵਾ ਕਰਦਿਆਂ ਪਾਰਟੀ ਹਾਈਕਮਾਂਡ ਨੂੰ ਇਸ ਫੈਸਲੇ ਉੱਤੇ ਮੁੜ ਵਿਚਾਰ ਕਰਨ ਲਈ ਕਿਹਾ ਹੈ।ਮੇਘਰਾਜ ਦੇ ਮੁਤਾਬਕ ਐਲਾਨੇ ਗਏ ਉਮੀਦਵਾਰ ਹਰਦੇਵ ਸਿੰਘ ਉੱਤੇ ਥਾਣਾ ਸਦਰ ਅਬੋਹਰ ਵਿੱਚ 25 ਸਤੰਬਰ 1996 ਨੂੰ ਐਨ ਡੀ ਪੀ ਐਸ ਐਕਟ ਹੇਠ ਛੇ ਸੌ ਗਰਾਮ ਅਫੀਮ ਦਾ ਕੇਸ ਦਰਜ ਹੋਇਆ ਸੀ। ਇਸ ਤੋਂ ਇਲਾਵਾ ਉਹ ਡੇਰਾ ਸੱਚਾ ਸੌਦਾ ਸਿਰਸਾ ਦਾ ਪ੍ਰੇਮੀ ਹੈ, ਜਦ ਕਿ ਅਕਾਲੀ ਦਲ ਪੰਥਕ ਪਾਰਟੀ ਹੈ। ਸਬੂਤ ਵਜੋਂ ਉਨ੍ਹਾਂ ਵੱਖ-ਵੱਖ ਅਖਬਾਰਾਂਦਿਖਾ ਕੇ ਕਿਹਾ ਕਿ ਹਰਦੇਵ ਸਿੰਘ ਇੰਸਾਂ ਦੇ ਨਾਂਅ ਉੱਤੇ ਉਸ ਦੀਆਂ ਖਬਰਾਂ ਛਪਦੀਆਂ ਰਹੀਆਂ ਹਨ। ਉਨ੍ਹਾਂ ਉਹ ਟਵੀਟ ਵੀ ਦਿਖਾਏ, ਜਿਸ ਵਿੱਚ ਹਰਦੇਵ ਸਿੰਘ ਨੇ ਅੰਦੋਲਨਕਾਰੀ ਕਿਸਾਨਾਂ ਬਾਰੇ ਇਤਰਾਜ਼ਯੋਗ ਟਿੱਪਣੀਆਂ ਕੀਤੀਆਂ ਸਨ। ਇਸ ਦਾ ਕਿਸਾਨਾਂ ਨੇ ਵਿਰੋਧ ਵੀ ਕੀਤਾ ਸੀ।ਪ੍ਰਿਥੀ ਰਾਮ ਨੇ ਕਿਹਾ ਕਿ ਉਹ ਆਪਣੀ ਪਤਨੀ ਸਮੇਤ ਸੱਤ ਵਾਰ ਪਿੰਡ ਦੇ ਮੈਂਬਰ ਪੰਚਾਇਤ ਅਤੇ ਇੱਕ ਵਾਰ ਸਰਪੰਚ ਰਹੇ ਹਨ। ਉਹ 35 ਸਾਲਾਂ ਤੋਂ ਪਾਰਟੀ ਵਿੱਚ ਸੇਵਾਦਾਰ ਵਜੋਂ ਕੰਮ ਕਰ ਰਹੇ ਹਨ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਉਨ੍ਹਾਂ ਨੂੰ ਟਿਕਟ ਦਾ ਭਰੋਸਾ ਦੇਣ ਦੇ ਬਾਵਜੂਦ ਟਿਕਟ ਕੱਟ ਦਿੱਤੀ ਹੈ। ਦੂਸਰੇ ਪਾਸੇ ਅਕਾਲੀ ਉਮੀਦਵਾਰ ਹਰਦੇਵ ਸਿੰਘ ਨੇ ਕਿਹਾ ਕਿ ਵਿਰੋਧੀ ਆਗੂ ਉਨ੍ਹਾਂ ਦਾ ਅਕਸ ਖਰਾਬ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਅਫੀਮ ਦੇ ਕੇਸਤੋਂ ਬਰੀ ਹੋ ਗਏ ਸਨ ਅਤੇ ਜਿੱਥੋਂ ਤਕ ਸੋਸ਼ਲ ਮੀਡੀਆ ਉੱਤੇ ਕਿਸਾਨਾਂ ਬਾਰੇ ਇਤਰਾਜ਼ਯੋਗ ਟਿੱਪਣੀਆਂ ਕਰਨ ਦੀ ਗੱਲ ਹੈ, ਉਸ ਬਾਰੇ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਅਤੇ ਨਾ ਹੀ ਉਨ੍ਹਾਂ ਦਾ ਡੇਰਾ ਸਿਰਸਾ ਨਾਲ ਕੋਈ ਸੰਬੰਧ ਹੈ।

## ਲੁਟੇਰੇ ਦਿਨ ਦਿਹਾੜੇ ਔਰਤ ਦੇ ਕੰਨਾਂ ਦੀਆਂ ਵਾਲੀਆਂ ਖੋਹ ਕੇ ਫਰਾਰ

ਜਲੰਧਰ, 1 ਨਵੰਬਰ (ਪੋਸਟ ਬਿਊਰੋ)- ਇਸ ਸ਼ਹਿਰ ਦੀ ਪੁਲਸ ਨੂੰ ਚੁਣੌਤੀ ਦਿੰਦਿਆਂ ਹੋਇਆਂ ਲੁਟੇਰਿਆਂ ਵੱਲੋਂ ਪੁਲਸ ਥਾਣਾ ਸਦਰ ਜਲੰਧਰ ਦੀ ਚੌਕੀ ਫਤਿਹਪੁਰ ਨੇੜੇ 10 ਦਿਨਾਂ ਦੌਰਾਨ ਦੂਸਰੀ ਲੁੱਟ ਖੋਹ ਕੀਤੀ ਗਈ ਹੈ।

ਕੱਲ੍ਹ ਲੁਹਾਰਾ ਵਿਖੇ ਵਾਪਰੀ ਲੁੱਟ ਖੋਹ ਦੀ ਘਟਨਾ ਬਾਰੇ ਆਮ ਆਦਮੀ ਪਾਰਟੀ ਦੇ ਘੱਟ ਗਿਣਤੀ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਰਾਜੀਵ ਮਸੀਹ ਨੇ ਦੱਸਿਆ ਕਿ ਉਨ੍ਹਾਂ ਦੇ ਪਿੰਡ ਵਿੱਚ ਪੁਲਸ ਚੌਕੀ ਹੈ, ਪਰ ਉਨ੍ਹਾਂ ਦੀ ਚਾਚੀ ਪਰਮਜੀਤ ਕੌਰ ਜਦੋਂ ਦੁਪਹਿਰ ਸਮੇਂ ਪਿੰਡ ਤੋਂ ਮੁੱਖ ਸੜਕ ਵੱਲ ਨੂੰ ਪੈਦਲ ਜਾ ਰਹੀ ਸੀ ਤਾਂਪੁਲਸ ਡਰੋਂ ਬੇਖੌਫ ਪਿੱਛੋਂ ਆਏ ਲੁਟੇਰਿਆਂ ਨੇਮੋਟਰ ਸਾਈਕਲ ਉਨ੍ਹਾਂ ਦੇ ਕੰਨਾਂ ਦੀਆਂ ਵਾਲੀਆਂ ਖੋਹ ਲਈਆਂ ਅਤੇ ਫਰਾਰ ਹੋ ਗਏ। ਉਨ੍ਹਾਂ ਦੱਸਿਆ ਕਿ ਲੁਟੇਰਿਆਂ ਵੱਲੋਂ ਦਿਨ ਦਿਹਾੜੇ ਕੀਤੀ ਗਈ ਲੁੱਟ ਦੀ ਘਟਨਾ ਨਜ਼ਦੀਕ ਲੱਗੇ ਸੀ ਸੀ ਟੀ ਵੀ ਕੈਮਰਿਆਂ ਵਿੱਚ ਕੈਦ ਹੋ ਗਈ, ਜਿਸ ਸਬੰਧੀ ਪੁਲਸ ਨੂੰ ਸ਼ਿਕਾਇਤ ਦਰਜ ਕਰਵਾ ਦਿੱਤੀ ਗਈ ਹੈ।

# ਠੱਗੀ ਦੇ ਮਾਮਲੇ ਵਿੱਚ ਮੋਦੀਖਾਨੇ ਦੇ ਪ੍ਰਬੰਧਕ ਜਿੰਦੂ ਉੱਤੇ ਕੇਸ ਦਰਜ

ਲੁਧਿਆਣਾ, 1 ਨਵੰਬਰ (ਪੋਸਟ ਬਿਊਰੋ)- ਗੁਰੂ ਨਾਨਕ ਮੋਦੀਖਾਨਾ ਖੋਲ੍ਹਣ ਵਾਲੇ ਸਿੱਖ ਆਗੂ ਬਲਜਿੰਦਰ ਸਿੰਘ ਜਿੰਦੂ ਦੇ ਖਿਲਾਫ ਪੁਲਸ ਨੇ ਲੱਖਾਂ ਰੁਪਏ ਦੀ ਠੱਗੀ ਕਰਨ ਦੇ ਦੋਸ਼ ਹੇਠ ਕੇਸ ਦਰਜ ਕੀਤਾ ਹੈ, ਜਦ ਕਿ ਜਿੰਦੂ ਨੇ ਉਸ ਨੂੰ ਸਾਜ਼ਿਸ਼ ਤਹਿਤ ਝੂਠੇ ਮਾਮਲੇ ਵਿੱਚ ਫਸਾਉਣ ਬਾਰੇ ਕਿਹਾ ਹੈ। ਪੁਲਸ ਨੇ ਅਮਨਦੀਪ ਸਿੰਘ ਪੁੱਤਰ ਤਜਿੰਦਰ ਸਿੰਘ ਵਾਸੀ ਜਗਜੀਤ ਨਗਰ ਦੀ ਸ਼ਿਕਾਇਤ ਉੱਤੇ ਬਲਜਿੰਦਰ ਸਿੰਘ ਉਰਫ ਜਿੰਦੂ ਪੁੱਤਰ ਸਵਰਨ ਸਿੰਘ ਵਾਸੀ ਮਾਡਲ ਗਰਾਮ ਦੇ ਖਿਲਾਫ ਵੱਖ-ਵੱਖ ਸੰਗੀਨ ਧਾਰਾਵਾਂ ਦਾ ਕੇਸ ਦਰਜ ਕੀਤਾਹੈ। ਸ਼ਿਕਾਇਤਕਰਤਾ ਨੇ ਦੱਸਿਆ ਕਿ ਦੋਸ਼ੀ ਨਾਲ ਉਸ ਦਾ ਪੈਸੇ ਦਾ ਲੈਣ-ਦੇਣ ਸੀ, ਉਸਤੋਂ ਉਸ ਨੇ ਦੋ ਲੱਖ ਰੁਪਏ ਦੇ ਕਰੀਬ ਲੈਣੇ ਸੀ ਤੇ ਇਹ ਪੈਸੇ ਕਮੇਟੀਆਂ ਦੇ ਸਨ, ਪਰ ਦੋਸ਼ੀ ਨੇ ਕਮੇਟੀਆਂ ਪਾਉਣ ਸਮੇਂ ਉਸ ਦੀ ਮਾਤਾ ਪਰਮਿੰਦਰ ਕੌਰ ਦੇ ਚੈਕ ਬਤੌਰ ਸਕਿਓਰਿਟੀ ਰੱਖ ਲਏ ਸਨ। ਫਿਰ ਜਿੰਦੂ ਨੇ ਉਸ ਦੀ ਮਾਤਾ ਦੇ ਦੋ-ਦੋ ਲੱਖ ਰੁਪਏ ਦੇ ਚੈਕ ਭਰ ਕੇ ਬੈਂਕ ਤੋਂ ਫੇਲ੍ਹ ਕਰਵਾ ਕੇ ਉਸ ਦੇ ਖਿਲਾਫ ਅਦਾਲਤ ਵਿੱਚ ਕੇਸ ਕਰ ਦਿੱਤਾ। ਦੂਜੇ ਪਾਸੇ ਬਲਜਿੰਦਰ ਸਿੰਘ ਨੇ ਦੱਸਿਆ ਕਿ ਉਸ ਨੇ ਅਮਨਦੀਪ ਸਿੰਘ ਤੋਂ ਪੈਸੇ ਲੈਣੇ ਸਨ, ਇਸ ਲਈ ਉਸ ਨੇ ਉਸ ਵੱਲੋਂ ਦਿੱਤੇ ਚੈਕ ਬੈਂਕ ਵਿੱਚ ਲਾਏ ਸਨ, ਜਦੋਂ ਚੈਕ ਫੇਲ੍ਹ ਹੋ ਗਏ ਤਾਂ ਉਸ ਨੇ ਅਦਾਲਤ ਵਿੱਚ ਕੇਸ ਦਾਇਰ ਕਰ ਦਿੱਤਾ, ਜੋ ਅਦਾਲਤ ਵਿੱਚ ਅਜੇ ਵਿਚਾਰ ਅਧੀਨ ਹੈ।

# ਮੋਬਾਈਲ ਫੋਨ ਦੇ ਮਾਮੂਲੀ ਝਗੜੇ ਕਾਰਨ ਨੌਜਵਾਨ ਦਾ ਕਤਲ

ਅੰਮ੍ਰਿਤਸਰ, 1 ਨਵੰਬਰ (ਪੋਸਟ ਬਿਊਰੋ)- ਮੋਬਾਈਲ ਦੇ ਲੈਣ ਦੇਣ ਦੇ ਮਾਮੂਲੀ ਝਗੜੇ ਵਿੱਚ ਥਾਣਾ ਅਜਨਾਲਾ ਦੇ ਪਿੰਡ ਗੁਜਰਪੁਰਾ ਦੇ ਇੱਕ ਨੌਜਵਾਨ ਦਾ ਇੱਕ ਕਤਲ ਕਰ ਦਿੱਤਾ ਗਿਆ ਹੈ। ਜ਼ਿਲ੍ਹਾ ਦਿਹਾਤੀ ਪੁਲਸ ਨੇ ਇਸ ਸਬੰਧ ਵਿੱਚ ਇੱਕ ਵਿਅਕਤੀ ਸੰਨੀ ਮਸੀਹ ਵਾਸੀ ਗੁਜਰਪੁਰਾ ਨੂੰ ਗ੍ਰਿਫਤਾਰ ਕੀਤਾ ਹੈ।ਕਤਲ ਕੀਤੇ ਨੌਜਵਾਨ ਦੀ ਸ਼ਨਾਖਤ ਥੋਮਸ ਮਸੀਹ ਵਜੋਂ ਹੋਈ ਸੀ, ਜਿਸ ਦੀ ਲਾਸ਼ ਕੱਲ੍ਹ ਪਿੰਡ ਦੇ ਇੱਕ ਮੈਦਾਨ ਵਿੱਚੋਂ ਮਿਲੀ ਸੀ। ਜ਼ਿਲ੍ਹਾ ਦਿਹਾਤੀ ਪੁਲਸ ਦੇ ਐਸ ਐਸ ਪੀ ਰਾਕੇਸ਼ ਕੌਸ਼ਲ ਨੇ ਦੱਸਿਆ ਕਿ ਪੁਲਸ ਨੇ ਕਤਲ ਕੇਸ 12 ਘੰਟਿਆਂ ਵਿੱਚ ਹੱਲ ਕਰ ਲਿਆ ਅਤੇ ਸੰਨੀ ਮਸੀਹ ਕੋਲੋਂ ਕਤਲ ਕੀਤੇ ਨੌਜਵਾਨ ਦਾ ਆਈਫੋਨ ਬਰਾਮਦ ਕਰ ਲਿਆ ਹੈ। ਪੁੱਛਗਿੱਛ ਦੌਰਾਨ ਉਸ ਨੇ ਦੱਸਿਆ ਕਿ ਥੋਮਸ ਮਸੀਹ ਨਾਲ ਆਈਫੋਨ ਖਰੀਦਣ ਦਾ ਸੌਦਾ ਹੋਇਆ ਸੀ, ਪਰ ਜਦੋਂ ਉਹ ਉਸ ਨੂੰ ਫੋਨ ਦੇਣ ਵਾਸਤੇ ਆਇਆ ਤਾਂ ਅਚਨਚੇਤੀ ਉਸ ਦਾ ਮਨ ਬਦਲ ਗਿਆ। ਉਸ ਨੇ ਬਿਨਾਂ ਪੈਸੇ ਦਿੱਤੇ ਫੋਨ ਲੈ ਲਿਆ ਤੇ ਬਾਅਦ ਵਿੱਚ ਥੋਮਸ ਮਸੀਹ ਦਾ ਕਤਲ ਕਰ ਦਿੱਤਾ। ਮ੍ਰਿਤਕ ਨੌਜਵਾਨ ਅਜਨਾਲਾ ਦੀ ਹਨੀ ਟੈਲੀਕਾਮ ਨਾਂਅ ਦੀ ਦੁਕਾਨ ਉੱਤੇ ਕੰਮ ਕਰਦਾ ਸੀ। ਉਸ ਦੇ ਭਰਾ ਕਰਣ ਮਸੀਹ ਨੇ ਦੱਸਿਆ ਕਿ ਉਹ 29 ਅਕਤੂਬਰ ਰਾਤ ਲਗਭਗ ਅੱਠ ਵਜੇ ਘਰੋਂ ਇਹ ਕਹਿ ਕੇ ਗਿਆ ਸੀ ਕਿ ਉਹ ਆਪਣਾ ਫੋਨ ਕਿਸੇ ਨੂੰ ਵੇਚਣ ਚੱਲਿਆ ਹੈ, ਪਰ ਰਾਤ ਨੂੰ ਘਰ ਨਹੀਂ ਆਇਆ। 30 ਅਕਤੂਬਰ ਦੀ ਸਵੇਰ ਨੂੰ ਸਰਕਾਰੀ ਐਲੀਮੈਂਟਰੀ ਸਕੂਲ ਗੁਜਰਪੁਰਾ ਦੀ ਗਰਾਊਂਡ ਵਿੱਚੋਂ ਉਸ ਦੀ ਲਾਸ਼ ਮਿਲੀ। ਕਿਸੇ ਨੇ ਤੇਜ਼ਧਾਰ ਹਥਿਆਰ ਨਾਲ ਉਸ ਦੇ ਗਲੇ ਦੀ ਸਾਹ ਰਗ ਵੱਢ ਦਿੱਤੀ ਸੀ। ਸਰੀਰ ਉੱਤੇ ਜ਼ਖਮਾਂ ਦੇ ਹੋਰ ਵੀ ਨਿਸ਼ਾਨ ਸਨ।







# ਦੇਹਰਾਦੂਨ ਨੇੜੇ ਬੱਸ ਖੱਡ 'ਚ ਡਿੱਗਣ ਕਾਰਨ 13 ਮੌਤਾਂ



ਦੇਹਰਾਦੂਨ, 1 ਨਵੰਬਰ (ਪੋਸਟ ਬਿਊਰੋ)- ਉਤਰਾਖੰਡ ਦੇ ਦੇਹਰਾਦੂਨ ਜ਼ਿਲ੍ਹੇ ਦੇ ਚਕਰਾਤਾ ਖੇਤਰ ਵਿੱਚ ਬੁਲਹਾੜ-ਬਾਇਲਾ ਮਾਰਗ ਉੱਤੇ ਕੱਲ੍ਹ ਇੱਕ ਵਾਹਨ ਦੇ ਡੂੰਘੀ ਖੱਡ ਵਿੱਚ ਡਿੱਗਣ ਕਾਰਨ ਉਸ ਵਿੱਚ ਸਵਾਰ 13 ਲੋਕਾਂ ਦੀ ਮੌਤ ਹੋ ਗਈ, ਜਦ ਕਿ ਦੋ ਹੋਰ ਜ਼ਖਮੀ ਹੋ ਜਾਣ ਦੀ ਖਬਰ ਆਈ ਹੈ।

ਇਸ ਬਾਰੇ ਪੁਲਸ ਨੇ ਦੱਸਿਆ ਕਿ ਤਿਊਣੀ ਤੋਂ ਵਿਕਾਸਨਗਰ ਆਉਂਦੇ ਸਮੇਂ ਬੱਸ ਬਾਇਲਾ ਪਿੰਡ ਨੇੜੇ ਕੰਟਰੋਲ ਗੁਆ ਬੈਠ ਅਤੇ ਖੱਡ ਵਿੱਚ ਡਿੱਗ ਗਈ। ਹਾਦਸੇ ਸਮੇਂ ਬੱਸ ਵਿੱਚ 15 ਲੋਕ ਸਨ, ਜਿਨ੍ਹਾਂ ਵਿੱਚੋਂ 13 ਦੀ ਮੌਤ ਮੌਕੇ ਉੱਤੇਹੀ ਹੋ ਗਈ। ਪੁਲਸ ਨੇ ਦੱਸਿਆ ਕਿ ਐਸ ਡੀ ਆਰ ਐਫ ਦੀ ਟੀਮ ਨੇ ਮ੍ਰਿਤਕਾਂ ਦੀਆਂ ਲਾਸ਼ਾਂ ਖੱਢ ਵਿੱਚੋਂ ਕੱਢ ਕੇ ਬਾਡੀ ਬੈਗ ਰਾਹੀਂ ਮੇਨ ਸੜਕ ਤਕ ਪੁਚਾਈਆਂ। ਦੋ ਜ਼ਖਮੀਆਂ ਨੂੰ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਮੰਨਿਆ ਜਾ ਰਿਹਾ ਹੈ ਕਿ ਬੱਸ ਵਿੱਚ ਹੱਦ ਤੋਂ ਜ਼ਿਆਦਾ ਸਵਾਰੀਆਂ ਹੋਣਾ ਵੀ ਇਸ ਹਾਦਸੇ ਦੀ ਵਜ੍ਹਾ ਹੋ ਸਕਦਾ ਹੈ।ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਵਾਹਨ ਦੁਰਘਟਨਾ ਉੱਤੇ ਡੂੰਘਾ ਦੁੱਖ ਪ੍ਰਗਟਾਇਆ ਹੈ ਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਤੇਜ਼ੀ ਨਾਲ ਰਾਹਤ ਤੇ ਬਚਾਅ ਕਾਰਜ ਕਰਦੇ ਹੋਏ ਜ਼ਖਮੀਆਂ ਨੂੰ ਤੁਰੰਤ ਇਲਾਜ ਮੁਹੱਈਆ ਕਰਵਾਉਣ ਦੇ ਹੁਕਮ ਦਿੱਤੇ ਹਨ। ਘਟਨਾ ਦੀ ਸੂਚਨਾ ਨਾਲ ਬਾਇਲਾ, ਬੁਲਹਾੜ, ਆਸੋਈ, ਬੇਗੀ ਅਤੇ ਆਸਪਾਸ ਦੇ ਪਿੰਡ ਵਾਸੀ ਤੁਰੰਤ ਮੌਕੇ ਉੱਤੇ ਪਹੁੰਚ ਗਏ।

# ਸਰਕਾਰ ਬਣੀ ਤਾਂ ਵੀਹ ਲੱਖ ਨੌਜਵਾਨਾਂ ਨੂੰ ਨੌਕਰੀ ਦਿਆਂਗੇ: ਪ੍ਰਿਅੰਕਾ



ਗੋਰਖਪੁਰ, 1 ਨਵੰਬਰ (ਪੋਸਟ ਬਿਊਰੋ)- ਮੁੱਖ ਮੰਤਰੀ ਯੋਗੀ ਅਦਿਤਿਆਨਾਥ ਦੇ ਗੜ੍ਹ ਗੋਰਖਪੁਰ ਵਿੱਚ ਕਾਂਗਰਸ ਦੀ ਜ਼ਮੀਨ ਤਿਆਰ ਕਰਨ ਕੱਲ੍ਹ ਗੋਰਖਪੁਰ ਪੁੱਜੀ ਰਾਸ਼ਟਰੀ ਜਨਰਲ ਸੈਕਟਰੀ ਅਤੇ ਕਾਂਗਰਸ ਦੀ ਸੂਬਾ ਇੰਚਾਰਜ ਪ੍ਰਿਅੰਕਾ ਗਾਂਧੀ ਵਾਡਰਾ ਭਾਜਪਾ ਸਰਕਾਰ ਉੱਤੇਪੂਰੇ ਜ਼ੋਰ ਨਾਲ ਹਮਲਾਵਰ ਰਹੀ।

ਪ੍ਰਤਿੱਗਿਆ ਰੈਲੀ ਵਿੱਚ ਮਹਿੰਗਾਈ ਅਤੇ ਨਿੱਜੀਕਰਨ ਦੇ ਮੁੱਦੇ ਉੱਤੇ ਸਰਕਾਰ ਨੂੰ ਘੇਰਦੇ ਹੋਏ ਪ੍ਰਿਅੰਕਾ ਗਾਂਧੀ ਨੇ ਕਿਹਾ ਕਿ ਅਸੀਂ ਰੇਲਵੇ, ਹਵਾਈ ਜਹਾਜ਼ ਅਤੇ ਸੜਕਾਂ ਦਿੱਤੀਆਂ ਸਨ, ਪਰ ਅੱਜ ਇਹ ਸਭ ਕੁਝ ਵਿਕ ਰਿਹਾ ਹੈ। ਸਾਡੀ 70 ਸਾਲ ਦੀ ਮਿਹਨਤ ਨੂੰ ਭਾਜਪਾ ਨੇ ਸੱਤ ਸਾਲਾਂ ਵਿੱਚ ਗੁਆ ਦਿੱਤਾ ਹੈ। ਬੇਰੁਜ਼ਗਾਰਾਂ ਦੀ ਨਬਜ਼ ਉੱਤੇ ਹੱਥ ਰੱਖਦੇ ਹੋਏ ਪ੍ਰਿਅੰਕਾ ਨੇ ਕਿਹਾ ਕਿ ਸਰਕਾਰੀ ਖੇਤਰ ਵਿੱਚ 10 ਲੱਖ ਅਹੁਦੇ ਖਾਲੀ ਹਨ, ਪਰ ਬੇਰੁਜ਼ਗਾਰੀ ਤੋਂ ਪਰੇਸ਼ਾਨ ਤਿੰਨ ਨੌਜਵਾਨ ਰੋਜ਼ ਆਤਮਹੱਤਿਆ ਕਰ ਰਹੇ ਹਨ। ਅਸੀਂ ਸਰਕਾਰ ਵਿੱਚ ਆਏ ਤਾਂ ਵੀਹ ਲੱਖ ਨੌਜਵਾਨਾਂ ਨੂੰ ਨੌਕਰੀ ਦਿਆਂਗੇ ਅਤੇ ਸੇਵਾ ਕੇਂਦਰ ਦੇ ਮੁਲਾਜ਼ਮਾਂ ਨੂੰ ਨਿਯਮਿਤ ਕਰਨ ਦੇ ਨਾਲ ਆਸ਼ਾ-ਆਂਗਣਵਾੜੀ ਵਰਕਰਾਂ ਦਾ ਮਾਣ-ਭੱਤਾ 10 ਹਜ਼ਾਰ ਰੁਪਏ ਕੀਤਾ ਜਾਵੇਗਾ।ਗੋਰਖਪੁਰ ਦੇ ਚੰਪਾ ਦੇਵੀ ਪਾਰਕ ਵਿੱਚ ਹਜ਼ਾਰਾਂ ਦੀ ਭੀੜ ਵਿਚਾਲੇ 34 ਮਿੰਟ ਦੇ ਸੰਬੋਧਨ ਵਿੱਚ ਪੂਰੀ ਤਰ੍ਹਾਂ ਚੋਣਾਂ ਦੇ ਮੂਡ ਵਿੱਚ ਨਜ਼ਰ ਆਈ ਪ੍ਰਿਅੰਕਾ ਨੇ ਵਾਅਦਿਆਂ ਦੀ ਝੜੀ ਵੀ ਲਗਾਈ। ਉਨ੍ਹਾਂ ਕਿਹਾ ਕਿ ਜੇ ਉਤਰ ਪ੍ਰਦੇਸ਼ ਵਿੱਚ ਕਾਂਗਰਸ ਦੀ ਸਰਕਾਰ ਬਣੀ ਤਾਂ ਸਰਕਾਰੀ ਬੱਸਾਂ ਵਿੱਚ ਔਰਤਾਂ ਦਾ ਕਿਰਾਇਆ ਨਹੀਂ ਲੱਗੇਗਾ। ਕਣਕ ਅਤੇ ਝੋਨੇ ਦੀ ਐਮ ਐਸ ਪੀ (ਘੱਟੋ-ਘੱਟ ਖਰੀਦ ਕੀਮਤ) 2500 ਅਤੇ ਗੰਨੇ ਦੀ 4000 ਰੁਪਏ ਕੀਤੀ ਜਾਵੇਗੀ। ਗਰੀਬ ਪਰਵਾਰਾਂ ਨੂੰ ਸਾਲ ਵਿੱਚ ਤਿੰਨ ਮੁਫਤ ਸਿਲੰਡਰ ਦਿਆਂਗੇ। ਪਹਿਲੀ ਵਾਰ ਗੋਰਖਪੁਰ ਆਈ ਪ੍ਰਿਅੰਕਾ ਨੇ ਗੁਰੂ ਗੋਰਖਨਾਥ ਦਾ ਜੈਕਾਰਾ ਲਾਉਣ ਦੇ ਨਾਲ ਨਿਸ਼ਾਦਾਂ ਨੂੰ ਸਾਧਣ ਦੀ ਵੀ ਪੂਰੀ ਕੋਸ਼ਿਸ਼ ਕੀਤੀ। ਇਸ ਮੌਕੇ ਉਨ੍ਹਾਂ ਹੋਰਨਾਂ ਵੀ ਕਈ ਖੇਤਰਾਂ ਦਾ ਦੌਰਾ ਕੀਤਾ।

# ਟੀ ਐਲ ਪੀ ਅਤੇ ਪਾਕਿ ਸਰਕਾਰ ਵਿਚਾਲੇ ਰੱਫੜ ਸੁਲਝਾਉਣ ਲਈ 12 ਮੈਂਬਰੀ ਕਮੇਟੀ ਬਣੀ



ਲਾਹੌਰ, 1 ਨਵੰਬਰ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਪਾਬੰਦੀ ਸ਼ੁਦਾ ਦਹਿਸ਼ਤਗਰਦ ਗਰੁੱਪ ਤਹਿਰੀਕ-ਏ-ਲੈਬੈਕ ਪਾਕਿਸਤਾਨ (ਟੀ ਐਲ ਪੀ) ਵੱਲੋਂ ਫਰਾਂਸ ਦੇ ਰਾਜਦੂਤ ਨੂੰ ਦੇਸ਼ ਤੋਂ ਕੱਢਣ, ਆਪਣੇ ਆਗੂ ਸਾਦ ਹੁਸੈਨ ਰਿਜ਼ਵੀ ਨੂੰ ਰਿਹਾਅ ਕਰਨ ਅਤੇ ਗਰੁੱਪ ਨੂੰ ਦਹਿਸ਼ਤੀ ਸੰਗਠਨਾਂ ਦੀ ਸੂਚੀ ਵਿੱਚੋਂ ਕੱਢਣ ਦੀ ਮੰਗ ਲਈ ਦੇਸ਼ ਵਿੱਚ ਜਾਰੀ ਵਿਰੋਧ ਪ੍ਰਦਰਸ਼ਨਾਂ ਦੇ ਬਾਅਦ 12 ਮੈਂਬਰੀ ਕਮੇਟੀ ਬਣਾਈ ਗਈ ਹੈ, ਜਿਹੜੀ ਇਮਰਾਨ ਖਾਨ ਦੀ ਸਰਕਾਰ ਅਤੇ ਇਸ ਸੰਗਠਨ ਵਿਚਾਲੇ ਸੁਲ੍ਹਾ-ਸਫਾਈ ਦਾ ਰਾਹ ਲੱਭੇਗੀ। ਪਾਕਿਸਤਾਨ ਦੇ ਧਾਰਮਿਕ ਮਾਮਲਿਆਂ ਤੇ ਅੰਤਰ-ਧਰਮ ਸਦਭਾਵਨਾ ਦੇ ਫੈਡਰਲ ਮੰਤਰੀ ਪੀਰ ਨੂਰ-ਉਲ-ਹੱਕ ਕਾਦਰੀ ਨੇ ਦੱਸਿਆ ਕਿ ਸਰਕਾਰ ਨਾਲ ਗੱਲਬਾਤ ਕਰਨ ਲਈ ਟੀ ਐਲ ਪੀ ਦੁਆਰਾ ਚੁਣੇ ਗਏ ਲੋਕ ਬਾਰੇ ਸਰਕਾਰ ਦੇ ਸਾਹਮਣੇ ਆਪਣੀ ਸਾਰੀ ਗੱਲ ਰੱਖਣਗੇ।

ਪੀਰ ਨੂਰ-ਉਲ-ਹੱਕ ਕਾਦਰੀ ਨੇ ਕਿਹਾ ਕਿ ਦੇਸ਼ ਦੇ ਧਾਰਮਿਕ ਨੇਤਾਵਾਂ ਨੇ ਪ੍ਰਧਾਨ ਮੰਤਰੀ ਇਮ-ਰਾਨ ਖਾਨ ਨੂੰ ਮਿਲਕੇ ਮਾਮਲੇ ਦਾ ਸ਼ਾਂਤਮਈ ਹੱਲ ਕਰਨ ਦੀ ਅਪੀਲ ਕੀਤੀ ਹੈ। ਦੱਸਿਆ ਜਾ ਰਿਹਾ ਹੈ ਕਿ ਪਾਕਿ ਸਰਕਾਰ ਅਤੇ ਟੀ ਐਲ ਪੀ ਵਿਚਾਲੇ ਇਸ ਬਾਰੇ ਪਹਿਲਾਂ ਵੀ ਕਈ ਵਾਰ ਗੱਲਬਾਤ ਹੋਈ ਹੈ, ਪਰ ਕੋਈ ਨਤੀਜਾ ਨਹੀਂ ਨਿਕਲ ਸਕਿਆ। ਟੀ ਐਲ ਪੀ ਆਪਣੀਆਂ ਮੰਗਾਂ ਲਈ ਅਤੇ ਸਰਕਾਰ ਦੇ ਵਿਰੋਧ ਵਿੱਚ ਇਸਲਾਮਾਬਾਦ ਵਿੱਚ ਆਪਣਾ ਵਿਰੋਧ ਪ੍ਰਦਰਸ਼ਨ ਕਰਨਾ ਚਾਹੁੰਦੀ ਹੈ, ਜਿਸ ਦੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ। ਦੂਜੇ ਪਾਸੇ ਕੇਂਦਰੀ ਮੰਤਰੀ ਫਵਾਦ ਚੌਧਰੀ ਨੇ ਕਿਹਾ ਹੈ ਕਿ ਸਰਕਾਰ ਇਸ ਸੰਗਠਨ ਨਾਲ ਸਿਆਸੀ ਪਾਰਟੀ ਦੇ ਤੌਰ ਉੱਤੇ ਨਹੀਂ, ਸਗੋਂ ਦਹਿਸ਼ਤੀ ਸੰਗਠਨ ਦੇ ਤੌਰ ਉੱਤੇ ਗੱਲ ਕਰੇਗੀ।

# ਚੀਨ ਨੂੰ ਇਸ ਵਾਰ ਪੰਜਾਹ ਹਜ਼ਾਰ ਕਰੋੜ ਦਾ ਆਰਡਰ ਨਹੀਂ ਮਿਲਿਆ

ਜਮਸ਼ੇਦਪੁਰ, 1 ਨਵੰਬਰ (ਪੋਸਟ ਬਿਊਰੋ)- ਦੀਵਾਲੀ ਉੱਤੇ ਚੀਨੀ ਉਤਪਾਦ ਭਾਰਤੀ ਬਾਜ਼ਾਰ ਵਿੱਚ ਛਾਏ ਰਹਿੰਦੇ ਹਨ, ਝਾਲਰ, ਪਟਾਕੇ, ਗਿਫਟ ਆਈਟਮ ਸਾਰੀਆਂ ਥਾਵਾਂ ਉੱਤੇ ਚੀਨੀ ਸਾਮਾਨ ਦਾ ਦਬਦਬਾ ਹੁੰਦਾ ਹੈ, ਪਰ ਇਸ ਵਾਰ ਮਾਹੌਲ ਅਲੱਗ ਹੈ। ਗਲਵਾਨ ਘਾਟੀ ਵਿਚ ਚੀਨ ਦੀ ਚਾਲਬਾਜ਼ੀ ਦੇ ਬਾਅਦ ਪਿਛਲੇ ਸਾਲ ਤੋਂ ਲੋਕਾਂ ਨੇ ਚੀਨੀ ਉਤਪਾਦਾਂ ਦੀ ਖਰੀਦ ਘੱਟ ਕਰ ਦਿੱਤੀ ਹੈ। ਇਸ ਵਾਰ ਕਾਰੋਬਾਰੀਆਂ ਨੇ ਹੀ ਚੀਨ ਨੂੰ ਆਰਡਰ ਦੇਣਾ ਬੰਦ ਕਰ ਦਿੱਤਾ ਹੈ।

ਕਨਫੈਡਰੇਸ਼ਨ ਆਫ ਆਲ ਇੰਡੀਆ ਟ੍ਰੇਡਰਸ (ਕੈਟ) ਦੇ ਨੈਸ਼ਨਲ ਸੈਕਟਰੀ ਪ੍ਰਵੀਨ ਦਾ ਕਹਿਣਾ ਹੈ ਕਿ ਇਸ ਸਾਲ ਦੀਵਾਲੀ ਵਿੱਚ ਭਰਤੀ ਕਾਰੋਬਾਰੀਆਂ ਨੇ ਚੀਨ ਨੂੰ ਆਰਡਰ ਹੀ ਨਹੀਂ ਦਿੱਤਾ। ਇਸ ਤੋਂ ਚੀਨ ਨੂੰ ਲਗਭਗ ਪੰਜਾਹ ਹਜ਼ਾਰ ਕਰੋੜ ਰੁਪਏ ਦਾ ਨੁਕਸਾਨ ਹੋਣ ਦਾ ਅੰਦਾਜ਼ਾ ਹੈ। ਕੈਟ ਪਿਛਲੇ ਦੋ ਸਾਲਾਂ ਤੋਂ ਚੀਨ ਵਾਲੇ ਸਾਮਾਨ ਦੇ ਬਾਈਕਾਟ ਕਰਨ ਅਤੇ ਦੇਸ਼ੀ ਅਪਣਾਉਣ ਦੀ ਮੁਹਿੰਮ ਚਲਾ ਰਿਹਾ ਹੈ, ਤਾਂ ਕਿ ਪ੍ਰਧਾਨ ਮੰਤਰੀ ਦੇ ਵੋਕਲ ਫਾਰ ਲੋਕਲ ਅਤੇ ਆਤਮਨਿਰਭਰ ਭਾਰਤ ਦੇ ਤਹਿਤ ਸਥਾਨਕ ਕਲਾਕਾਰਾਂ ਨੂੰ ਪ੍ਰਮੋਟ ਕੀਤਾ ਜਾ ਸਕੇ। ਕੋਲਕਾਤਾ, ਅਹਿਮਦਾ-ਬਾਦ, ਚੰਡੀਗੜ੍ਹ ਅਤੇ ਦਿੱਲੀ ਵਿੱਚ ਇਨ੍ਹੀਂ ਦਿਨੀਂ ਦੇਸੀ ਲਾਈਟਾਂ ਖੂਬ ਬਣ ਰਹੀਆਂ ਹਨ।ਸਰਕਾਰ ਦੀਆਂ ਪਾਬੰਦੀਆਂ ਦੇ ਬਾਅਦ ਵੀ ਏਸ਼ੀਆ ਦੇ ਵੱਡੇ ਬਾਜ਼ਾਰਾਂ ਵਿੱਚ ਸ਼ਾਮਲ ਸਦਰ ਬਾਜ਼ਾਰ ਵਿੱਚ 85 ਫੀਸਦੀ ਪ੍ਰਾਡਕਟ ਚੀਨ ਦੇ ਹਨ।

# ਨੈਸ਼ਨਲ ਕਾਨਫਰੰਸ ਦੇ ਦੋ ਸਾਬਕਾ ਵਿਧਾਇਕਾਂ ਸਮੇਤ ਇੱਕ ਦਰਜਨ ਸਿਆਸੀ ਆਗੂ ਭਾਜਪਾ ਵਿੱਚ ਸ਼ਾਮਲ

ਜੰਮੂ, 1 ਨਵੰਬਰ (ਪੋਸਟ ਬਿਊਰੋ)- ਇੱਥੇ ਕੱਲ੍ਹ ਨੈਸ਼ਨਲ ਕਾਨਫਰੰਸ ਦੇ ਦੋ ਸਾਬਕਾ ਵਿਧਾਇਕਾਂ ਸਣੇ ਕਰੀਬ ਇੱਕ ਦਰਜਨ ਪ੍ਰਮੁੱਖ ਸਿਆਸੀ ਆਗੂ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ।

ਭਾਜਪਾ ਦੀ ਜੰਮੂ ਕਸ਼ਮੀਰ ਇਕਾਈ ਦੇ ਪ੍ਰਧਾਨ ਰਵਿੰਦਰ ਰੈਣਾ ਦਾ ਇਹ ਦਾਅਵਾ ਹੈ ਕਿ ਉਨ੍ਹਾਂ ਦੀ ਪਾਰਟੀ ਕੇਂਦਰ ਸ਼ਾਸਤ ਪ੍ਰਦੇਸ਼ ਵਿੱਚ ਅਗਲੀ ਸਰਕਾਰ ਆਪਣੇ ਜ਼ੋਰ ਉੱਤੇ ਬਣਾਏਗੀ। ਇਸ ਬਾਰੇ ਭਾਜਪਾ ਦੇ ਕੌਮੀ ਜਨਰਲ ਸੈਕਟਰੀ ਤੇ ਪਾਰਟੀ ਦੇ ਜੰਮੂ-ਕਸ਼ਮੀਰ ਮਾਮਲਿਆਂ ਦੇ ਇੰਚਾਰਜ ਤਰੁਣ ਚੁੱਘ ਅਤੇ ਰੈਣਾ ਨੇ ਸੀਨੀਅਰ ਆਗੂਆਂ ਦੇਵਿੰਦਰ ਸਿੰਘ ਰਾਣਾ ਅਤੇ ਐਸ ਐਸ ਸਲਾਥੀਆ ਦੀ ਹਾਜ਼ਰੀ ਵਿੱਚ ਆਪੋ-ਆਪਣੇ ਸੈਂਕੜੇ ਸਮਰਥਕਾਂ ਸਮੇਤ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਸਿਆਸੀ ਆਗੂਆਂ ਦਾ ਸਵਾਗਤ ਕੀਤਾ। ਵਰਨਣ ਯੋਗ ਹੈ ਕਿ ਕੇਂਦਰੀ ਮੰਤਰੀ ਜਤਿੰਦਰ ਸਿੰਘ ਦੇਛੋਟੇ ਭਰਾ ਅਤੇ ਨੈਸ਼ਨਲ ਕਾਨਫਰੰਸ ਦੇ ਸੂਬਾਈ ਆਗੂ ਦਵਿੰਦਰ ਸਿੰਘ ਰਾਣਾ ਨੇ 10 ਅਕਤੂਬਰ ਨੂੰ ਆਪਣੀ ਪਾਰਟੀ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਸਲਾਥੀਆ ਸਮੇਤ ਨੈਸ਼ਨਲ ਕਾਨਫਰੰਸ ਛੱਡ ਦਿੱਤੀ ਸੀ ਤੇ ਅਗਲੇ ਦਿਨ ਦੋਵੇਂ ਆਗੂ ਭਾਜਪਾ ਵਿੱਚ ਸ਼ਾਮਲ ਹੋ ਗਏ ਸਨ। ਦੋਵੇਂ ਸਾਬਕਾ ਵਿਧਾਇਕਾਂ ਪ੍ਰੇਮ ਸਾਗਰ ਅਜ਼ੀਜ਼ ਅਤੇ ਕਮਲ ਅਰੋੜਾ ਸਣੇ ਕੱਲ੍ਹ ਭਾਜਪਾ ਵਿੱਚ ਸ਼ਾਮਲ ਹੋਣ ਵਾਲੇ ਸਾਰੇ ਆਗੂ ਰਾਣਾ ਦੇ ਨੇੜਲੇ ਦੱਸੇ ਜਾਂਦੇ ਹਨ।

# ਅਮਰੀਕੀ ਖੁਫੀਆ ਏਜੰਸੀ ਦੀ ਕੋਰੋਨਾ ਵਾਇਰਸ ਟ੍ਰੇਸੇਬਿਲਟੀ ਰਿਪੋਰਟ ਭਰੋਸੇਯੋਗ ਨਹੀਂ: ਚੀਨ



ਪੇਈਚਿੰਗ, 1 ਨਵੰਬਰ (ਪੋਸਟ ਬਿਊਰੋ)- ਅਮਰੀਕਾ ਦੀ ਨੈਸ਼ਨਲ ਸੀਕਰੇਟ ਸਰਵਿਸ ਦੇ ਡਾਇਰੈਕਟਰ ਦਫਤਰ ਨੇ ਪਿੱਛੇ ਜਿਹੇ ਕੋਵਿਡ-19 ਵਾਇਰਸ ਟ੍ਰੇਸੇਬਿਲਟੀ ਡਿਕ੍ਰਿਪਟਿਡ ਰਿਪੋਰਟ ਜਾਰੀ ਕੀਤੀ ਸੀ। ਇਸ ਦੀ ਚਰਚਾ ਪਿੱਛੋਂ ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਵਾਂਗ ਵਨਪਿਨ ਨੇ ਕਿਹਾ ਕਿ ਇਹ ਰਿਪੋਰਟ ਚਾਹੇ ਕਿੰਨੀ ਵਾਰ ਪ੍ਰਕਾਸ਼ਤ ਹੋਵੇ ਅਤੇ ਕਿੰਨੇ ਐਡੀਸ਼ਨ ਲਿਖੇ ਜਾਣ, ਇਸ ਦੀ ਇਕੱਠੀ ਰਾਜਨੀਤਕ ਰਿਪੋਰਟ ਅਤੇ ਝੂਠੀ ਰਿਪੋਰਟ ਦੀ ਅਸਲੀਅਤ ਨੂੰ ਨਹੀਂ ਬਦਲਿਆ ਜਾ ਸਕਦਾ ਅਤੇ ਇਸ ਦੀ ਕੋਈ ਵਿਗਿਆਨਕਤਾ ਅਤੇ ਭਰੋਸੇਯੋਗਤਾ ਨਹੀਂ ਹੈ।

ਵਾਂਗ ਵਨਪਿਨ ਨੇ ਕਿਹਾ ਕਿ ਜਦ ਅਮਰੀਕੀ ਖੁਫੀਆ ਏਜੰਸੀ ਨੇ ਅਗਸਤ ਵਿੱਚ ਇਸ ਵਾਇਰਸ ਟ੍ਰੇਸੇਬਿਲਟੀ ਡਿਕ੍ਰਿਪਟਿਡ ਰਿਪੋਰਟ ਦਾ ਸੰਖੇਪ ਜਾਰੀ ਕੀਤਾ ਸੀ ਤਾਂ ਚੀਨ ਨੇ ਇਸ ਦਾ ਸਖਤ ਵਿਰੋਧ ਕੀਤਾਸੀ। ਹਜ਼ਾਰ ਵਾਰ ਮੁੜ-ਮੁੜ ਬੋਲਿਆ ਗਿਆ ਝੂਠ ਫਿਰ ਵੀ ਝੂਠ ਹੁੰਦਾ ਹੈ। ਕੋਵਿਡ-19 ਵਾਰਿਸ ਟ੍ਰੇਸੇਬਿਲਟੀ ਇੱਕ ਬੜਾ ਗੰਭੀਰ ਅਤੇ ਜਟਿਲ ਵਿਗਿਆਨਕ ਮਾਮਲਾ ਹੈ। ਇਸ ਦੀ ਖੋਜ ਕੇਵਲ ਵਿਸ਼ਵ ਦੇ ਵਿਗਿਆਨੀਆਂ ਦੇ ਸਹਿਯੋਗ ਨਾਲ ਕੀਤੀ ਜਾਣੀ ਚਾਹੀਦੀ ਹੈ। ਖੁਫੀਆ ਏਜੰਸੀ ਵੱਲੋਂ ਵਾਇਰਸ ਟ੍ਰੇਸੇਬਿਲਟੀ ਦਾ ਕੰਮ ਕਰਨਾ ਇਸ ਮੁੱਦੇ ਦੇ ਰਾਜਨੀਤੀਕਰਣ ਦਾ ਸਬੂਤ ਹੈ। ਅਮਰੀਕੀ ਖੁਫੀਆ ਏਜੰਸੀ ਧੋਖਾ ਦੇਣ ਵਿੱਚ ਮਾਹਿਰ ਹੈ।ਵਾਂਗ ਵਨਪਿਨ ਨੇ ਕਿਹਾ ਕਿ ਪਿੱਛੇ ਜਿਹੇ ਅੱਸੀ ਤੋਂ ਵੱਧ ਦੇਸ਼ਾਂ ਨੇ ਪੱਤਰ ਭੇਜਣ ਜਾਂ ਬਿਆਨ ਜਾਰੀ ਕਰਨ ਆਦਿ ਤਰੀਕਾਂ ਤੋਂ ਵਿਸ਼ਵ ਸਿਹਤ ਸੰਗਠਨ ਦੇ ਡਾਇਰੈਕਟਰ ਜਨਰਲ ਨੂੰ ਦੱਸਿਆ ਕਿ ਉਹ ਵਾਇਰਸ ਟ੍ਰੇਸੇਬਿਲਟੀ ਦੇ ਰਾਜਨੀਤੀਕਰਣ ਦਾ ਵਿਰੋਧ ਕਰਦੇ ਹਨ ਅਤੇ ਚੀਨਵਿਸ਼ਵ ਸਿਹਤ ਸੰਗਠਨ ਵੱਲੋਂ ਜਾਰੀ ਸਾਂਝੀ ਖੋਜ ਰਿਪੋਰਟ ਨੂੰ ਪ੍ਰਵਾਨ ਕਰਦਾ ਹੈ।

ਮੱਧ ਪ੍ਰਦੇਸ਼ ਦਾ ਮੰਤਰੀ ਕਹਿੰਦੈ :

# ਆਮਦਨੀ ਵਧ ਰਹੀ ਹੈ ਤਾਂ ਥੋੜ੍ਹੀ ਮਹਿੰਗਾਈ ਵੀ ਸਵੀਕਾਰ ਕਰੋ

ਇੰਦੌਰ, 1 ਨਵੰਬਰ (ਪੋਸਟ ਬਿਊਰੋ)- ਪੈਟਰੋਲ-ਡੀਜ਼ਲ ਦੀਆਂ ਦਿਨੋ-ਦਿਨ ਵਧਦੀਆਂ ਕੀਮਤਾਂ ਨੂੰ ਲੈ ਕੇ ਮੱਧ ਪ੍ਰਦੇਸ਼ ਦੇ ਪੰਚਾਇਤ ਅਤੇ ਪੇਂਡੂ ਵਿਕਾਸ ਮੰਤਰੀ ਮਹਿੰ-ਦਰ ਸਿੰਘ ਸਿਸੌਦੀਆ ਨੇ ਕਿਹਾ ਕਿ ਜੇ ਜਨਤਾ ਦੀ ਆਮਦਨੀ ਵੱਧਦੀ ਹੈ ਤਾਂ ਉਸ ਨੂੰ ਥੋੜ੍ਹੀ ਮਹਿੰਗਾਈ ਵੀ ਝੱਲਣੀ ਚਾਹੀਦੀ ਹੈ।

ਅਸਲ ਵਿੱਚ ਮੰਤਰੀ ਤੋਂ ਪੁੱਛਿਆ ਗਿਆ ਸੀ ਕਿ ਪੈਟਰੋਲੀਅਮ ਪਦਾਰਥਾਂ ਦੀਆਂ ਵਧਦੀਆਂ ਕੀਮਤਾਂ ਦੀ ਮਾਰ ਝੱਲ ਰਹੇ ਆਮ ਆਦਮੀ ਨੂੰ ਰਾਹਤ ਦੇਣ ਲਈ ਕੀ ਸੂਬਾ ਸਰਕਾਰ ਇਨ੍ਹਾਂ ਉੱਤੇ ਵੈਟ ਨਹੀਂ ਘਟਾ ਸਕਦੀ? ਇਸ ਉੱਤੇ ਉਨ੍ਹਾਂ ਨੇ ਕਿਹਾ ਕਿ ਸਰਕਾਰ ਨਾਗਰਿਕਾਂ ਨੂੰ ਮੁਫਤ ਵਿੱਚ ਹਰ ਚੀਜ਼ ਤਾਂ ਦੇ ਨਹੀਂ ਸਕਦੀ।ਪੈਟਰੋਲੀਅਮ ਪਦਾਰਥਾਂ ਉੱਤੇ ਟੈਕਸ ਵਸੂਲੀ ਤੋਂ ਸਰਕਾਰ ਨੂੰ ਮਾਲੀਆ ਮਿਲਦਾ ਹੈ। ਇਸੇ ਨਾਲ ਵਿਕਾਸ ਅਤੇ ਜਨਹਿੱਤ ਦੀਆਂ ਸਰਕਾਰੀ ਯੋਜਨਾਵਾਂ ਚੱਲਦੀਆਂ ਹਨ। ਸਿਸੌਦੀਆਂ ਨੇ ਕਿਹਾ ਕਿ ਤੁਸੀਂ (ਆਮ ਆਦਮੀ) ਇਹ ਨਹੀਂ ਕਹਿ ਸਕਦੇ ਕਿ ਅੱਜ ਪੈਟਰੋਲ-ਡੀਜ਼ਲ ਦੀਆਂ ਕੀਮਤਾਂ ਓਹੀ ਹੋਣੀਆਂ ਚਾਹੀਦੀਆਂ ਹਨ, ਜੋ 10 ਸਾਲ ਪਹਿਲਾਂ ਸੀ, ਭਾਵੇਂ ਇਸ ਮਿਆਦ ਵਿੱਚ ਤੁਹਾਡੀ ਤਨਖਾਹ 6000 ਰੁਪਏ ਤੋਂ ਵੱਧ ਕੇ 50,000 ਰੁਪਏ ਉੱਤੇ ਪੁੱਜ ਗਈ ਹੈ। ਸਿਸੌਦੀਆਂ ਨੇ ਕਾਂਗਰਸ ਉੱਤੇ ਨਿਸ਼ਾਨਾ ਲਾਉਂਦੇ ਹੋਏ ਕਿਹਾ ਕਿ ਕੀ ਦੇਸ਼ ਵਿੱਚ ਕਾਂਗਰਸ ਦੀਆਂ ਪਿਛਲੀਆਂ ਸਰਕਾਰਾਂ ਦੇਰਾਜ ਵਿੱਚ ਮਹਿੰਗਾਈ ਨਹੀਂ ਵਧੀ ਸੀ? ਕੀ ਮਹਿੰਗਾਈ ਸਿਰਫ ਨਰਿੰਦਰ ਮੋਦੀ ਸਰਕਾਰ ਦੇ ਕਾਰਜਕਾਲ ਵਿੱਚ ਵਧੀ ਹੈ? ਸਾਨੂੰ ਸਵੀਕਾਰ ਕਰਨਾ ਪਵੇਗਾ ਕਿ ਇਹ (ਮਹਿੰਗਾਈ ਦਾ) ਇੱਕ ਪਹੀਆ ਹੈ, ਜੋ ਲਗਾਤਾਰ

# ਵਿੱਤ ਮੰਤਰਾਲਾ ਸਹੀ ਫੈਸਲੇ ਲੈਣ ਵਾਲੇ ਬੈਂਕਰਾਂ ਦੇ ਬਚਾਅ ਵਿੱਚ ਖੁੱਲ੍ਹ ਕੇ ਉਤਰਿਆ

ਨਵੀਂ ਦਿੱਲੀ, 1 ਨਵੰਬਰ (ਪੋਸਟ ਬਿਊਰੋ)- ਭਾਰਤ ਸਰਕਾਰ ਦੇਵਿੱਤ ਮੰਤਰਾਲੇ ਨੇ ਬਿਹਤਰ ਕਾਰੋਬਾਰੀ ਫੈਸਲੇ ਲੈ ਰਲੇ ਬੈਂਕ ਕਰਮਚਾਰੀਆਂ ਦੀ ਸੁਰੱਖਿਆ ਲਈ ਪੰਜਾਹ ਕਰੋੜ ਰੁਪਏ ਤਕ ਦੇ ਐਨ ਪੀ ਏ ਵਾਲੇ ਖਾਤਿਆਂ ਦੇ ਲਈ ਇਕਸਾਰ ਕਰਮਚਾਰੀ ਜਵਾਬਦੇਹੀ ਨਿਯਮ ਜਾਰੀ ਕੀਤੇ ਹਨ। ਇਹ ਨਿਰਦੇਸ਼ ਅਗਲੇ ਵਿੱਤੀ ਸਾਲ ਤੋਂ ਐਨ ਪੀ ਏ ਵਿੱਚ ਬਦਲਣ ਵਾਲੇ ਖਾਤਿਆਂ ਦੇ ਲਈ ਇੱਕ ਅਪ੍ਰੈਲ 2022 ਤੋਂ ਲਾਗੂ ਹੋਣਗੇ।

ਇੰਡੀਅਨ ਬੈਂਕਸ ਐਸੋਸੀਏਸ਼ਨ (ਆਈ ਬੀ ਏ) ਨੇ ਕਿਹਾ ਹੈ ਕਿ ਵਿੱਤ ਮੰਤਰਾਲੇ ਦੇ ਵਿੱਤੀ ਸੇਵਾ ਵਿਭਾਗ (ਡੀ ਐਫ ਐਸ) ਨੇ 29 ਅਕਤੂਬਰ ਦੇ ਆਪਣੇ ਹੁਕਮ ਵਿੱਚ ਜਨਤਕ ਖੇਤਰ ਦੇ ਸਾਰੇ ਬੈਂਕਾਂ (ਪਬਲਿਕ ਸੈਕਟਰ ਬੈਂਕਸ) ਦੇ ਰਾਹੀਂ ਪੰਜਾਹ ਕਰੋੜ ਰੁਪਏ ਤਕ ਦੇ ਐਨ ਪੀ ਏ ਖਾਤਿਆਂ (ਧੋਖਾਧੜੀ ਦੇ ਕੇਸਾਂ ਦੇ ਇਲਾਵਾ) ਲਈ ਮੁਲਾਜ਼ਮ ਜਵਾਬਦੇਹੀ ਢਾਂਚੇ ਉੱਤੇ ਵਿਆਪਕ ਨਿਰਦੇਸ਼ਾਂ ਅਪਣਾਉਣ ਦੀ ਸਲਾਹ ਦਿੱਤੀ ਅਤੇ ਕਿਹਾ ਹੈ ਕਿ ਬੈਂਕਾਂ ਨੂੰ ਇਨ੍ਹਾਂ ਨਿਰਦੇਸ਼ਾਂ ਦੇ ਆਧਾਰ ਉੱਤੇ ਆਪਣੀਆਂਸਟਾਫ ਜਵਾਬਦੇਹੀ ਨੀਤੀਆਂ ਵਿੱਚ ਸੋਧ ਕਰਨ ਅਤੇ ਸਬੰਧਤ ਕਾਰਡ ਦੀ ਮਨਜ਼ੂਰੀ ਤੋਂ ਪ੍ਰਤੀਕਿਰਿਆਵਾਂ ਨੂੰ ਤਿਆਰ ਕਰਨ ਦੀ ਸਲਾਹ ਦਿੱਤੀ ਗਈ ਹੈ। ਇਹ ਨਿਰਦੇਸ਼ ਬੈਂਕਰਾਂ ਦੇ ਇਸ ਸ਼ੱਕ ਨੂੰ ਦੂਰ ਕਰਨ ਵਿੱਚ ਮੱਦਦ ਕਰਨਗੇ ਕਿ ਜੇ ਉਨ੍ਹਾਂ ਦਾ ਫੈਸਲਾ ਗਲਤ ਹੋਵੇਗਾ ਤਾਂ ਉਨ੍ਹਾਂ ਨੂੰ ਦਿੱਕਤ ਹੋਵੇਗੀ। ਇਹ ਬੈਂਕਰਾਂ ਨੂੰ ਤੇਜ਼ੀ ਨਾਲ ਕਰਜ਼ਾ ਦੇਣ ਦੇ ਫੈਸਲੇ ਵਿੱਚ ਮਦਦ ਕਰੇਗਾ, ਇਸ ਨਾਲ ਅਰਥਵਿਵਸਥਾ ਨੂੰ ਵੀ ਫਾਇਦਾ ਹੋਵੇਗਾ। ਨਵੇਂ ਨਿਰਦੇਸ਼ ਪ੍ਰਾਈਵੇਟ ਸੈਕਟਰ ਦੇ ਬੈਂਕਾਂ ਦੇ ਸਟਾਫ ਦੇ ਮਨੋਬਲ ਨੂੰ ਵਧਾਉਣਗੇ।














Chapel Ridge
FUNERAL HOME
& CREMATION CENTRE

## ਭਾਰਤੀ, ਪੰਜਾਬੀ ਅਤੇ ਸਿੱਖ ਭਾਈਚਾਰੇ ਲਈ ਮਾਰਖਮ, ਰਿਚਮੰਡ ਹਿੱਲ ਅਤੇ ਸਕਾਰਬਰੋਅ ਅਤੇ ਆਸ ਪਾਸ ਇਲਾਕਿਆਂ ਲਈ ਵਧੀਆ ਅਧੁਨਿਕ ਸੇਵਾਵਾਂ ਅਤ ਵਾਜਬ ਕੀਮਤ ਤੇ ਫਿਊਨਰਲ ਸਰਵਿਸ ਦੀਆਂ ਸੇਵਾਵਾਂ ਲੈਣ ਲਈ ਸੰਪਰਕ ਕਰੋ

- ਅਸੀਂ ਪਿਛਲੇ 20 ਸਾਲ ਤੋਂ ਸਿੱਖ ਭਾਈਚਾਰੇ ਲਈ ਅੰਤਿਮ ਸੰਸਕਾਰ ਦੀ ਸਹੂਲਤ
- ਅੰਤਿਮ ਸੰਸਕਾਰ ਸੇਵਾਵਾਂ ਸਿੱਖ ਮਰਿਯਾਦਾ ਅਨੁਸਾਰ ਕੀਤੀਆਂ ਜਾਂਦੀਆਂ ਹਨ
- ਭਾਈਚਾਰੇ ਦੀ ਸਹੂਲਤ ਲਈ ਮਿਸੀਸਾਗਾ ਵਿੱਚ ਸ਼ਮਸ਼ਾਨ ਘਾਟ ਦੇ ਨਾਲ ਧਾਰਮਿਕ ਸੰਸਕਾਰਾਂ ਲਈ ਵਿਸ਼ਾਲ ਹਾਲ



## 2 ਘੰਟੇ ਦੇ ਲਈ ਵਿਸ਼ੇਸ਼ ਪੈਕੇਜ ਸਿਰਫ $4270 ਵਿੱਚ

[ ਜਿਸ ਵਿੱਚ ਕੈਸਕੇਟ (ਕਫ਼ਣ ਦਾ ਸਮਾਨ ਤੇ ਬੌਕਸ) ਸਾਰੇ ਲੋੜੀਂਦੇ ਦਾਸਤਵੇਜ਼ (ਡੈਥ ਸਰਟੀਫਿਕੇਟ) ਸਟਾਫ ਸਹੂਲਤ / ਵਾਹਨ ਫੀਸ / ਸਸਕਾਰ ਦੀ ਫੀਸ / ਗਵਾਹੀ ਫੀਸ, ਸਰਕਾਰੀ ਫੀਸ ਅਤੇ ਹੋਰ ਨਯਿਮਤਿ ਫੀਸਾਂ ਸ਼ਾਮਲ ਹਨ ]



ਸਰਕਾਰੀ ਲਾਇਸੈਂਸਸ਼ੁਦਾ ਫਿਊਨਰਲ ਹੋਮ
ਡਰਾਇਕਟਰ (ਨਿਰਦੇਸ਼ਕ) :ਸ: **ਹਰਜਿੰਦਰ ਸਿੰਘ ਬਿਲਖੂ**
**647-966-0093**
ਅਸੀਂ ਪੰਜਾਬੀ, ਹਿੰਦੀ, ਗੁਜਰਾਤੀ, ਉਰਦੂ ਅਤੇ ਸਵਾਹਿਲੀ ਭਾਸ਼ਵਾਂ ਬੋਲਦੇ ਹਾਂ
8911 Woodbine Ave., Markham (ਸਿਰਫ ਹਾਈਵੇ 7 ਤੋਂ 4 ਬਲਾਕ ਦੀ ਦੂਰੀ ਤ)
info@chapelridge fh.com • www.chapelridgefh.com





Other Realtors only Promise
But JAG AUJLA SOLD YOUR HOME WITH
GUARANTEE
Advertisement GUARANTEED Till SOLD

# JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232
www.BramptonTopRelator.com

Top 1% Ranked Broker
Call For a Quick & Free Home Evaluation
www.BramptonQuickHomeEvaluation.com
**2016,2015,2014,2013 2012,2011,2010) **(2009,2008) **RE/MAX International **(2010) **(2014)

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ




ਕੈਨੇਡੀ / ਦੂੱਗਲ

ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨਿੰਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਉਂਟਰ ਟਾਪ। ਮੇਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ ਸੰਪਰਕ ਕਰ ਸਕਦੇ ਹੋ।




$1,999,905 ਕੈਸਲਮੋਰ/ਗੋਰਵੇ

ਕੈਸਲਮੋਰ/ਗੋਰਵੇ ਦੇ ਏਰੀਆ ਵਿਚ 4551 ਸਕੇਅਰ ਫੁੱਟ, 60 ਫੁਟ ਦੀ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 5 ਬੈਡਰੂਮ, 5 ਵਾਸ਼ਰੂਮ, ਇਕ ਆਫਿਸ,ਅਪਗ੍ਰੇਡਡ ਕਿਚਨ ਵਿਦ ਕਾਊਂਟਰ ਟਾਪ, 3 ਬੈਡਰੂਮ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ ਹੈ। 9 ਫੁੱਟ ਦੀ ਸੀਲਿੰਗ, ਮੇਨ ਫਲੋਰ ਉਤੇ ਹਾਰਡਵੁੱਡ, ਸਟੇਨਡ ਓਕ ਸਟੇਅਰਕੇਸ, ਡਬਲ ਡੋਰ ਐਂਟਰੀ। ਦੂਸਰੀ ਮੰਜ਼ਲ ਉਤੇ ਲਾਉਂਡਰੀ। ਘਰ ਦੇ ਅੱਗੇ ਕੋਈ ਸਾਈਡ ਵਾਕ ਨਹੀਂ ਅਤੇ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ।




$ 1,199,905 Bramlea Rd./Bovaird Dr.

2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈਡਰੂਮ, 3 ਬੈਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777




$749,905
William /Vodden /Main
3 ਬੈਡਰੂਮ, 2 ਵਾਸ਼ਰੂਮ ਦਾ ਬਹੁਤ ਸੋਹਣਾ ਘਰ, ਜਿਸ ਵਿਚ 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, ਪਿਛਲੇ ਸਾਲ ਹੀ ਸਾਰਾ ਘਰ ਅਪਗ੍ਰੇਡ ਕੀਤਾ ਗਿਆ ਹੈ। ਸਕੂਲ, ਪਲਾਜ਼ਾ ਅਤੇ ਬੱਸ ਸਟਾਪ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਹੈ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨੇੜੇ।




34 Winterfold Dr
CREDITVIEW & BOVAIRD (MOUNT PLEASANT)
ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ਼ ਦੇ ਨਾਲ, ਖੁੱਲ੍ਹਾ ਮਾਸਟਰ ਬੈਂਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।




Orangeville Ontario L9W3X5
Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777